ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post
Vol 17 * Issue 202
Daily Newspaper Tuesday, October 23, 2018
Tel: 905-793-2202 Fax: 905-793-2282 news@punjabipost.ca

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

MORTGAGE ALLIANCE
Get Pre-Qualified in Minutes*
Mortgagealliance.com/ParminderMangat
Parminder Mangat
Mortgage Agent | Lic#10530
647-285-9119
pmangat@mortgagealliance.com
*Conditions Apply
20 Maritime Blvd. Unit #11, Brampton, L6S0C2

# ਪੈਟਰਿਕ ਮੇਅਰ: ਲਿੰਡਾ ਦੀ ਹਾਰ




ਬਰੈਂਪਟਨ ਪੋਸਟ ਬਿਉਰੋ: ਵਿਵਾਦਾਂ ਵਿੱਚ ਘਿਰੇ ਰਹਿਣ ਅਤੇ ਕਈ ਸਿਆਸੀ ਉਤਰਾਵਾਂ ਚੜਾਵਾਂ ਦੇ ਬਾਵਜੂਦ ਪੈਟਰਿਕ ਬਰਾਊਨ ਨੇ ਬਰੈਂਪਟਨ ਲਈ ਮੇਅਰ ਦੀ ਜੰਗ ਵਿੱਚ ਮੌਜੂਦਾ ਮੇਅਰ ਲਿੰਡਾ ਜੈਫਰੀ ਨੂੰ ਹਰਾ ਦਿੱਤਾ ਹੈ। ਇਸ ਸਿਆਸੀ ਜਿੱਤ ਨਾਲ ਜਿੱਥੇ ਬਰਾਊਨ ਦੇ ਗੁਆਚੇ ਜਾਂਦੇ ਸਿਆਸੀ ਕੈਰੀਅਰ ਨੂੰ ਮੁੜ ਆਕਸੀਜਨ ਮਿਲ ਗਈ ਹੈ, ਉੱਥੇ ਲਿੰਡਾ ਜੈਫਰੀ ਦੇ 2003 ਤੋਂ ਲਗਾਤਾਰ ਚੱਲੇ ਆ ਰਹੇ ਸਫ਼ਲਤਾ ਪੂਰਵਕ ਸਿਆਸੀ ਜੀਵਨ ਉੱਤੇ ਆਰਜ਼ੀ ਤੌਰ ਉੱਤੇ ਫੁੱਲ ਸਟਾਪ ਲੱਗ ਗਿਆ ਜਾਪਦਾ ਹੈ। ਪੈਟਰਿਕ ਬਰਾਊਨ ਨੂੰ ਕੁੱਲ ਵੋਟਾਂ ਦਾ 44.37% ਵੋਟਾਂ ਹਾਸਲ ਕੀਤੀਆਂ ਜਦੋਂ ਕਿ ਲਿੰਡਾ ਜੈਫਰੀ ਦੇ ਹਿੱਸੇ 40.69% ਵੋਟਾਂ ਆਈਆਂ। ਖਬਰ ਲਿਖੇ ਜਾਣ ਤੱਕ ਕੁੱਝ ਵੋਟਿੰਗ ਲੋਕੇਸ਼ਨਾਂ ਦੇ ਨਤੀਜੇ ਆਉਣੇ ਬਾਕੀ ਸਨ।

ਜਾਪਦਾ ਹੈ ਕਿ ਬਰੈਂਪਟਨ ਵਾਸੀਆਂ ਨੇ ਲਿੰਡਾ ਜੈਫਰੀ ਨੂੰ ਐਲ ਆਰ ਟੀ ਦੇ ਮੁੱਦੇ ਉੱਤੇ ਬਰੈਂਪਟਨ ਨੂੰ ਮਿਲਣ ਵਾਲੇ ਸੈਂਕੜੇ ਮਿਲੀਅਨ ਡਾਲਰ ਗੁਆਉਣ ਅਤੇ ਸਿਟੀ ਕਾਉਂਸਲ ਵਿੱਚ ਏਕੇ ਨੂੰ ਕਾਇਮ ਨਾ ਰੱਖ ਸਕੱਣ ਦੀ ਯੋਗਤਾ ਨੂੰ ਅੱਖੋਂ ਪਰੋਖੇ ਨਹੀਂ ਕੀਤਾ। ਇਸ ਚੋਣ ਨੇ ਇਹ ਵੀ ਸਿੱਧ ਕਰ ਦਿੱਤਾ ਹੈ ਕਿ ਬਰੈਂਪਟਨ ਵਾਸੀ ਆਪਣੇ ਸ਼ਹਿਰ ਦੀ ਹੋਣੀ ਦਾ ਫੈਸਲਾ ਕਰਨ ਦੇ ਸਮਰੱਥ ਹਨ ਜਿਹਨਾਂ ਨੇ ਉੜੋਤਿੜੀ ਦੋ ਵਾਰ (2014 ਅਤੇ 2018) ਵਿੱਚ ਮੇਅਰਾਂ ਨੂੰ ਬਦਲ ਕੇ ਤੁਰਦਾ ਕੀਤਾ ਹੈ। ਇਹ ਬਦਲਾਅ ਨਵੇਂ ਚੁਣੇ ਗਏ ਮੇਅਰ ਪੈਟਰਿਕ ਬਰਾਊਨ ਲਈ ਵੀ ਸੰਕੇਤ ਹੈ ਕਿ ਕੀਤੇ ਵਾਅਦਿਆਂ ਮੁਤਾਬਕ ਕੰਮ ਨਾ ਕਰਨ ਦਾ ਨਤੀਜਾ ਕੀ ਹੋ ਸਕਦਾ ਹੈ।

ਚੇਤੇ ਰਹੇ ਕਿ ਲਿਬਰਲ ਹੋਣ ਨਾਤੇ ਲਿੰਡਾ ਜੈਫਰੀ ਨੂੰ ਪ੍ਰੋਵਿੰਸ਼ੀਅਲ ਅਤੇ ਫੈਡਰਲ ਲਿਬਰਲ ਮਸ਼ੀਨਰੀ ਦਾ ਸਮਰੱਥਨ ਤਾਂ ਹਾਸਲ ਹੈ ਹੀ ਸੀ ਸਗੋਂ ਪ੍ਰੋਵਿੰਸ਼ੀਅਲ ਕੰਜ਼ਰਵੇਟਿਵ ਵੀ ਲਿੰਡਾ ਜੈਫਰੀ ਦਾ ਸਮਰੱਥਨ ਕਰਦੇ ਸਨ। ਪੈਟਰਿਕ ਬਰਾਊਨ ਨੂੰ ਇੱਕੋ ਹੀ ਵੱਡੇ ਆਗੂ ਸਾਬਕਾ ਪ੍ਰੀਮੀਅਰ ਬਿੱਲ ਡੇਵਿਸ ਦਾ ਸਾਥ ਹਾਸਲ ਸੀ ਜਦੋਂ ਕਿ ਤਕਰੀਬਨ ਸਾਰੇ ਹੀ ਲਿਬਰਲ ਅਤੇ ਕੰਜ਼ਰਵੇਟਿਵ ਐਮ ਪੀ ਅਤੇ ਐਮ ਪੀ ਪੀ ਲਿੰਡਾ ਜੈਫਰੀ ਦੇ ਹੱਕ ਵਿੱਚ ਸਨ। ਇੰਡੋ ਕੈਨੇਡੀਅਨ ਕਮਿਉਨਿਟੀ ਇਹਨਾਂ ਦੋਵਾਂ ਉਮੀਦਵਾਰਾਂ ਦੇ ਸਮਰੱਥਨ ਵਿੱਚ ਤਕਰੀਬਨ ਬਰਾਬਰ ਵੰਡੀ ਹੋਈ ਸੀ।

...ਬਾਕੀ ਪੰਨਾ 6 'ਤੇ

# ਮਿਸੀਸਾਗਾ ਵਿੱਚ ਮੇਅਰ ਬੌਨੀ ਕਰੌਂਬੀ ਦੀ ਮੁੜ ਜਿੱਤ



ਮਿਸੀਸਾਗਾ ਪੋਸਟ ਬਿਉਰੋ: ਮਿਸੀਸਾਗਾ ਵਿੱਚ ਮੇਅਰ ਬੌਨੀ ਕਰੌਂਬੀ ਨੇ ਆਸ ਮੁਤਾਬਕ ਸਹਿਜਤਾ ਨਾਲ ਹੀ ਚੋਣ ਜਿੱਤ ਲਈ ਹੈ। ਉਸਨੂੰ ਕੁੱਲ ਭੁਗਤੀਆਂ ਵੋਟਾਂ ਦਾ ਪ੍ਰਤੀਸ਼ਤ ਹਾਸਲ ਵੋਟਾਂ ਹਾਸਲ ਹੋਈਆਂ ਹਨ ਜਿਸਤੋਂ ਮਿਸੀਸਾਗਾ ਵਾਸੀਆਂ ਨੇ ਪ੍ਰਭਾਵ ਦਿੱਤਾ ਹੈ ਕਿ ਉਹ ਪਿਛਲੀ ਮੇਅਰ ਹੇਜ਼ਲ ਮਕੈਲੀਅਨ ਵਾਂਗੂ ਬੌਨੀ ਕਰੌਂਬੀ ਨੂੰ ਵੀ ਵਾਰ ਵਾਰ ਮੇਅਰ ਬਣਾ ਕੇ ਸਿਟੀ ਹਾਲ ਵਿੱਚ ਸਥਿਰਤਾ ਬਣਾਈ ਰੱਖਣਾ ਚਾਹੁੰਦੇ ਹਨ। ਇਸ ਸਥਿਤੀ ਬਰੈਂਪਟਨ ਨਾਲੋਂ ਬਿਲਕੁਲ ਵੱਖਰੀ ਹੈ ਜਿੱਥੇ ਸਿਟੀ ਕਾਉਂਸਲ ਨੇ ਪਿਛਲੇ ਚਾਰ ਸਾਲਾਂ ਵਿੱਚ ਕਦੇ ਵੀ ਏਕੇ ਨਾਲ ਕੰਮ ਕਰਨ ਦਾ ਪ੍ਰਭਾਵ ਨਹੀਂ ਦਿੱਤਾ। ...ਬਾਕੀ ਪੰਨਾ 6 'ਤੇ

# ਜੋਹਨ ਟੋਰੀ ਨੇ ਰੱਖਿਆ ਟੋਰਾਂਟੋ ਉੱਤੇ ਕਬਜ਼ਾ ਜਾਰੀ



ਟੋਰਾਂਟੋ ਪੋਸਟ ਬਿਉਰੋ: ਜੋਹਨ ਟੋਰੀ ਨੇ ਟੋਰਾਂਟੋ ਸਿਟੀ ਦਾ ਦੁਬਾਰਾ ਮੇਅਰ ਚੁਣੇ ਜਾਣ ਦਾ ਮਾਣ ਹਾਸਲ ਕੀਤਾ ਹੈ। ਉਸਨੇ ਆਪਣੀ ਨੇੜਲੀ ਵਿਰੋਧੀ ਜੈਨੀਫਰ ਕੀਸਮਾਟ ਨੂੰ ਵੱਡੇ ਅੰਤਰ ਨਾਲ ਹਰਾਇਆ ਹੈ। ਜੌਹਨ ਟੋਰੀ ਨੂੰ ਕੁੱਲ ਭੁਗਤੀਆਂ ਵੋਟਾਂ ਦਾ 63.5% ਵੋਟਾਂ ਹਾਸਲ ਹੋਈਆਂ ਜਦੋਂ ਕਿ ਕੀਸਮਾਟ ਨੂੰ ਸਿਰਫ਼ 23.5% ਵੋਟਾਂ ਮਿਲੀਆਂ। ਕਈ ਹੋਰ ਉਮੀਦਵਾਰ ਵੀ ਮੈਦਾਨ ਵਿੱਚ ਸਨ ਜਿਹਨਾਂ ਨੂੰ ਕੁੱਲ ਮਿਲਾ ਕੇ 3.5% ਤੋਂ ਵੀ ਘੱਟ ਵੋਟਾਂ ਮਿਲੀਆਂ ਹਨ। ਸੱਜੇ ਪੱਖੀ ਉਮੀਦਵਾਰ ਫੇਥ ਗੋਲਡੀ ਮਹਿਜ਼ 3.4% ਵੋਟਾਂ ਹੀ ਹਾਸਲ ਕਰ ਸਕੀ ਹੈ। ਚੇਤੇ ਰਹੇ ਕਿ 47 ਮੈਂਬਰੀ ਕਾਉਂਸਲ ਨੂੰ ਪ੍ਰੀਮੀਅਰ ਡੱਗ ਫੋਰਡ ਵੱਲੋਂ ਘਟਾ ਕੇ 25 ਮੈਂਬਰੀ ਬਣਾ ਦਿੱਤਾ ਸੀ ਜਿਸ ਕਾਰਣ ਕਈ ਮੌਜੂਦਾ ਕਾਉਂਸਲਰ ਆਪੋ ਆਪਣੇ ਘਰਾਂ ਨੂੰ ਤੁਰ ਗਏ ਹਨ। ਈਟੋਬੀਕੋ ਨੌਰਥ ਤੋਂ ਡੱਗ ਫੋਰਡ ਦਾ ਚਚੇਰਾ ਭਰਾ ਮਾਈਕਲ ਫੋਰਡ ਸਿਟੀ ਕਾਉਂਸਲਰ ਚੁਣਿਆ ਗਿਆ ਹੈ। ਆਖਰੀ ਖਬਰਾਂ ਮਿਲਣ ਤੱਕ ਵਾਰਡ ਨੰਬਰ 7 ਤੋਂ ਚਰਚਿਤ ਸਿਟੀ ਕਾਉਂਸਲਰ ਜੀਓਰਜੀਓ ਮੈਮੋਲਿਟੀ ਦੇ ਹਾਰ ਜਾਣ ਦੀਆਂ ਸੰਭਾਵਨਾਵਾਂ ਬਣੀਆਂ ਹੋਈਆਂ ਸਨ।

# ਮੈਰੀਜ਼ੁਆਨਾ ਦੇ ਕਾਨੂੰਨੀਕਰਨ ਵਾਲੇ ਫੈਸਲੇ ਨੂੰ ਉਲਟਾਉਣ ਦੀ ਕੋਸ਼ਿਸ਼ ਮਹਿੰਗੀ ਪਵੇਗੀ ਸ਼ੀਅਰ ਨੂੰ : ਗੁਡੇਲ



ਓਟਵਾ, 22 ਅਕਤੂਬਰ (ਪੋਸਟ ਬਿਊਰੋ) : ਜੇ ਕੰਜ਼ਰਵੇਟਿਵ 2019 ਵਿੱਚ ਫੈਡਰਲ ਚੋਣਾਂ ਜਿੱਤ ਜਾਂਦੇ ਹਨ ਤੇ ਮੈਰੀਜੁਆਨਾ ਦੇ ਕਾਨੂੰਨੀਕਰਨ ਵਾਲੇ ਫੈਸਲੇ ਨੂੰ ਉਲਟਾਉਣ ਦੀ ਕੋਸ਼ਿਸ਼ ਕਰਨਗੇ ਤਾਂ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਵੇਗੀ। ਇਹ ਪਬਲਿਕ ਸੇਫਟੀ ਮੰਤਰੀ ਰਾਲਫ ਗੁਡੇਲ ਦਾ ਕਹਿਣਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਵੱਲੋਂ ਇਸ ਗੱਲ ਦਾ ਕੋਈ ਵਾਅਦਾ ਨਹੀਂ ਕੀਤਾ ਜਾ ਰਿਹਾ ...ਬਾਕੀ ਪੰਨਾ 6 'ਤੇ

PROTECT YOUR HOME FROM PESTS
Low Rates/Excellent Pest Control Services
100% Success rate for bed bug Treatment
Free Home Inspection; Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

JOSHI LAW OFFICE
Barrister, Solicitor & Notary Public
E-mail : info@joshilawoffice.com
Immigration
Real Estate / Commercial Law
Affidavit / Power of Attorney
416-213-8600
Rakesh M. Joshi B.A., LL.B.
6921 Steels Ave. W. Unit 11, Etobicoke, ON

INSURANCE
HOME
AUTO
BUSINESS
TRUCKING
R.E.S.P
COMMERCIAL
CONNEX
Tel: 647-206-2452
Sukhwinder K Singh
7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
Manwinder Mangat
416-845-1352
1332 Khalsa Dr, Unit # 11, Mississauga
Axcel Insurance Brokers Ltd.

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA
Insurance Broker
Dir: 647-928-4990 www.ufsinsurance.com
# 25-831 Bovarid Dr. W. Brampton,ON,L6X0T9

Law Office of Aman Sharma
Real Estate Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates
Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

INSURANCE
Life / Disability / Critical Illness
Super Visa / Visitor / Travel /
RRSP / RESP /
SHEVINDER SIDHU
Insurance Advisor
416-557-8080
shevindersidhu@gmail.com
10-7003 Steeles Ave. West, Etobicoke

FREE Examination
5yrs follow you up
Help!
ਬਵਾਸੀਰ ਤੋਂ ਛੁਟਕਾਰਾ ਪਾਓ
Effective Treatments: Anal Eczema, Colities, Neurodermatitis, Eczema, Chloasma, Psoriasis, Herpes, Rosacea, Vitiligo, Acne & other common diseases
HEMORRHOIDS
FISTULAS
FISSURES
Company Insurance Accepted
NAITCM Applying Zhang's Herbal Formulas & Techniques
N.A.I. TCM TREATMENT CENTRE
905 812 7778 www.naitcm.com
6655 Kitimat Rd. Suite 13, Mississauga, ON. L5N 6J4

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

SUPER VISA INSURANCE
VISITOR VISA INSURANCE
TRAVEL INSURANCE
STUDENT INSURANCE
NEW IMMIGRANT 90 DAYS MED. INSURANCE
Punjab Insurance Inc
www.punjabinsurance.ca
Sherjang Singh Rana
416-910-9000
rana@punjabinsurance.ca
10-7003 Steeles Ave West, Etobicoke, ON M9W 0A2
Harpreet Rana
416-871-3571
harpreetrana@punjabinsurance.ca

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc.
Brokerage Lic 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats
Spiders & Fleas
Bedbugs
Wasps
Cockroaches
Carpenter Ants
Silver Fish
Racoons
Call : PARESH PATEL
(Government Approved Licensed Technician)
416 938 4598

KELLEY LAW OFFICE
AREA OF PRACTICE
Immigration
Real Estate
Family Law
Business Closing
Corporate
Wills & Estate
Power of Attorney/Affidavit / Attestations
SHINDER KELLEY
Barrister, Solicitor & Notary Public
PH. : 905-362-0755
www.kelleylawoffice.ca
1200 Derry Road East Unit #15, Mississauga, ON L5T 0B3
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜ਼ਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟਾਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ।

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Axcel Insurance Brokers Ltd.
Address: 1550 South Gateway Rd. Suite 220 Mississauga, ON L4W 5G6

ਕੀ ਤੁਸੀ ਕਿੜੇ-ਮਕੌੜਿਆਂ ਤੋਂ ਪਰੇਸ਼ਾਨ ਹੋ?
MICE, COCKROACH, BEDBUG & ALL COMMON BUGS
All Pest Control
AFFORDABLE & RELIABLE PEST CONTROL SERVICES
ਅੱਜ ਹੀ ਕਾਲ ਕਰੋ
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator
647.990.3205

MANN LAW FIRM
Real Estate Law
Business Law
Wills & Estates
Family Law
Power of Attorney
Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Toronto Pest Arrest
Pest Control Residential /Commercial/Industrial
Specialist in Bed Bed Bugs & Cockroaches Services
Ants, Rats, Mice, Centipedes
Bed Bugs, Spider, Beetle
& Cockroaches Control
SAME DAY SERVICE &
100% SATISFACTION GUARANTEED
(Insured & Licensed)
Discount For Seniors Single Mothers & Students
CALL FOR FREE ESTIMATES :
647-515-8000
ਅਸੀਂ ਪੰਜਾਬੀ ਬੋਲਦੇ ਹਾਂ

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

ARISTO PEST CONTROL
RESIDENTIAL COMMERCIAL INDUSTRIAL
Expert in Bedbug & Cockroach Removal
Protect yourself & your family from the Pests
100% removal of all pests written Guarantee
Ants, Bees, Bed Bugs, Beetles, Racoons,Cockroaches, Centipedes, Flea, Hornets,Squirrel, Rats & Mice, Silverfish, Spiders
Sanket (Govt Licensed Exterminator)
647-339-3926
UNMARKED VEHICLE AVAILABLE
Email: aristopest@gmail.com
www.aristopestcontrol.com

# SherGill Law Firm
*Barrister, Solicitor & Notary Public*

## Services:

- *Real Estate*
- *Residential, Commercial, Franchise*
- *Criminal Law*
- *Family Law*
- *Affidavit, Power Of Attorney & Notarization*
- *Immigration Matters*

**Paramjit Singh Gill** (MBA,LL.B.)



**Phone : 905-790-3636**

**Emergency Contact:**
**416.910.5676**
www.shergilllawfirm.ca

2565 Steeles Ave E Unit #20,
Brampton, ON L6T 4L6

jobs! jobs! jobs! jobs! jobs!

DUNDAS·JAFINE

# HELP WANTED
## ਕਾਮਿਆਂ ਦੀ ਲੋੜ
**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton 905-458-4733 (see Kamal)



## Life is complicated. Insurance doesn't have to be.

Switch to State Farm®
and receive even further savings when you combine home and auto.



We'll find the best policies to fit your life and advise you of opportunities for potential savings.

*Better things are just around the corner.*
CONTACT ME TODAY.

**Amandeep Bajwa Ins Agcy Inc**
Amandeep Bajwa, Agent
2260 Bovaird Drive E
Brampton, ON L6R 3J5
Bus: 905-460-5000

StateFarm® IS BECOMING Desjardins Insurance

***Desjardins Insurance refers to Certas Home and Auto Insurance Company, underwriter of automobile and property insurance or Desjardins Financial Security Life Assurance Company, underwriter of life insurance products.***
Desjardins Insurance and related trademarks are trademarks of the Fédération des caisses Desjardins du Québec, used under licence.
***State Farm branded policies are underwritten by Certas Home and Auto Insurance Company.***
® State Farm and related trademarks and logos are registered trademarks owned by State Farm Mutual Automobile Insurance Company, used under licence by Certas Home and Auto Insurance Company and certain of its affiliates.
1810928CN

chatr MOBILE

NOW GET
~~4GB~~ 5GB DATA
ON OUR $45/MO. PLAN
AUTO-PAY BONUS

LET'S GET GOING
CHATRMOBILE.COM

VISIT OUR LOCATION TODAY!

379 MAIN ST. N., BRAMPTON,
(905) 451-0379

2456 LAKE SHORE BLVD W.,
(416) 259-3654

chatr AUTHORIZED DEALER

Offer available to new and existing pre-paid customers signing up for the auto-pay plan above and to existing auto-pay customers on the plan above who upgrade to the auto-pay bonus (data bonus will be valid from the next anniversary date). Limited time offer. Subject to change without notice. Once you reach your 3G speed data allotment, your data speed will be reduced until your next anniversary date. Taxes extra. © 2018

## ਅੱਜ ਨਾਮਾ

ਜਾਂਚ ਕਰਦੀ ਏਜੰਸੀ ਜੋ ਮੁਲਕ ਭਰ ਦੀ,
ਅਫਸਰ ਓਸੇ ਦੇ ਸਿੰਗ ਫਸਾਈ ਫਿਰਦੇ।
ਆਪਸ ਵਿੱਚ ਕਈ ਕੇਸ ਜਿਹੇ ਕਰਨ ਰੁੱਝੇ,
ਭ੍ਰਿਸ਼ਟਾਚਾਰ ਦਾ ਚਿੱਕੜ ਉਡਾਈ ਫਿਰਦੇ।
ਜਿਹੜੇ ਅਹੁਦੇ ਦਾ ਮਾਣ ਸੀ ਬੜਾ ਹੁੰਦਾ,
ਕੇਸਾਂ ਵਿੱਚ ਨੇ ਆਪ ਉਲਝਾਈ ਫਿਰਦੇ।
ਝਗੜਾ ਆਪਸ ਦੇ ਵਿੱਚ ਹੈ ਮੁੱਖ ਬਣਿਆ,
ਮੁੱਦੇ ਮੁਲਕ ਦੇ ਪਿਛਾਂਹ ਨੇ ਪਾਈ ਫਿਰਦੇ।
ਪਹਿਲਾਂ ਪੁਲਸ ਦੇ ਅੰਦਰ ਟਕਰਾਉ ਸੀਗਾ,
ਆਪਸ ਵਿੱਚ ਸਨ ਚੱਲ ਰਹੇ ਕੇਸ ਮਿੱਤਰ।
ਪੈ ਗਈ ਉੱਚੀ ਏਜੰਸੀ ਇਹ ਸੜਕ ਓਸੇ,
ਜਾਣਾ ਨਿੱਜ ਤੋਂ ਪਛੜ ਫਿਰ ਦੇਸ ਮਿੱਤਰ।

ਤੀਸ ਮਾਰ ਖਾਂ

# ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਬਣਾਇਆ ਗਿਆ

ਅੰਮ੍ਰਿਤਸਰ, 22 ਅਕਤੂਬਰ, (ਪੋਸਟ ਬਿਊਰੋ)- ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅੱਜ ਅਕਾਲ ਤਖ਼ਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਨਿਯੁਕਤ ਕਰ ਦਿੱਤਾ ਗਿਆ। ਅਕਾਲ ਤਖ਼ਤ ਸਾਹਿਬ ਦੇ ਅੱਜ ਤਕ ਦੇ ਜਥੇਦਾਰਾਂ ਵਿੱਚੋਂ ਗਿਆਨੀ ਹਰਪ੍ਰੀਤ ਸਿੰਘ ਸਭ ਤੋਂ ਵੱਧ ਪੜ੍ਹੇ ਲਿਖੇ ਜਥੇਦਾਰ ਦੱਸੇ ਗਏ ਹਨ। ਉਹ ਧਰਮ ਅਧਿਐਨ ਦੀ ਐਮ ਏ ਕਰਨ ਤੋਂ ਬਾਅਦ ਪੰਜਾਬੀ ਯੂਨੀਵਰਸਟੀ ਪਟਿਆਲਾ ਤੋਂ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਮੇਸ਼ਵਰ ਦੇ ਸਰਗੁਣ ਨਾਵਾਂ ਦੇ ਵਿਸ਼ੇ ਉੱਤੇ ਪੀ ਐੱਚ ਡੀ ਕਰ ਰਹੇ ਦੱਸੇ ਗਏ ਹਨ।

ਅੱਜ ਏਥੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਪਿੱਛੋਂ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪਿਛਲੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਬੀਤੇ ਦਿਨੀਂ ਸਿਹਤ ਦੀ ਖਰਾਬੀ ਕਾਰਨ ਅਸਤੀਫ਼ਾ ਦੇ ਦਿਤਾ ਸੀ। ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਉਨ੍ਹਾਂ ਦਾ ਅਸਤੀਫ਼ਾ ਪ੍ਰਵਾਨ ਕਰ ਕੇ ਸਰਬ ਸੰਮਤੀ ਨਾਲ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਨਿਯੁਕਤ ਕਰ ਦਿੱਤਾ ਹੈ। ਉਨ੍ਹਾਂ ਦਸਿਆ ਕਿ ਹਾਲ ਦੀ ਘੜੀ



ਗਿਆਨੀ ਹਰਪ੍ਰੀਤ ਸਿੰਘ ਦੋਵਾਂ ਤਖ਼ਤਾਂ ਦੀ ਜ਼ਿੰਮੇਵਾਰੀ ਸੰਭਾਲਣਗੇ। ਵਰਨਣ ਯੋਗ ਹੈ ਕਿ ਅੱਜ ਦਾ ਇਹ ਮਹਤੱਵ ਪੂਰਨ ਫ਼ੈਸਲਾ ਲੈਣ ਵਾਸਤੇ ਕੀਤੀ ਗਈ ਇਹ ਮੀਟਿੰਗ ਮਸਾਂ 10 ਮਿੰਟਾਂ ਵਿਚ ਮੁੱਕ ਗਈ। ਆਮ ਤੌਰ ’ਤੇ ਗਿ. ਹਰਪ੍ਰੀਤ ਸਿੰਘ ਵਿਰੁਧ ਕੋਈ ਨਹੀਂ ਬੋਲਦਾ, ਪਰ ਜਗਤਾਰ ਸਿੰਘ ਹਵਾਰਾ ਦੇ ਹਮਾਇਤੀ ਹਰ ਹਾਲਤ ਵਿਚ ਹਵਾਰਾ ਨੂੰ ਜਥੇਦਾਰ ਚਾਹੁੰਦੇ ਹਨ ਤੇ ਉਹ ਹਾਲੇ ਵੀ ਅਪਣੇ ਸਟੈਂਡ ਉੱਤੇ ਕਾਇਮ ਹਨ।

ਸ਼੍ਰੋਮਣੀ ਕਮੇਟੀ ਵਲੋਂ ਅਕਾਲ ਤਖ਼ਤ ਸਾਹਿਬ ਲਈ ਨਵੇਂ ਨਿਯੁਕਤ ਕੀਤੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਉੱਚ ਵਿਦਿਆ ਪ੍ਰਾਪਤ ਹਨ। 21 ਅਪ੍ਰੈਲ 2017 ਤੋਂ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਸੰਭਾਲ ਰਹੇ ਗਿਆਨੀ ਹਰਪ੍ਰੀਤ ਸਿੰਘ ਨੇ ਗੁਰਮਤਿ ਦੀ ਸਿੱਖਿਆ ਸ਼੍ਰੋਮਣੀ ਕਮੇਟੀ ਦੇ ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਦਮਦਮਾ ਸਾਹਿਬ ਤਲਵੰਡੀ ਸਾਬੋ ਤੋਂ ਤਿੰਨ ਸਾਲਾ ਕੋਰਸ ਵਿਚ ਪ੍ਰਾਪਤ ਕੀਤੀ ਤੇ ਫਿਰ ਪੰਜਾਬੀ ਯੂਨੀਵਰਸਟੀ ਪਟਿਆਲਾ ਤੋਂ ਇਕ ਸਾਲਾ ‘ਡਿਪਲੋਮਾ ਇਨ ਡਿਵਿਨਿਟੀ’ ਪਾਸ ਕੀਤਾ ਸੀ। ਗਿ. ਹਰਪ੍ਰੀਤ ਸਿੰਘ ਨੇ ਪੰਜਾਬੀ ਯੂਨੀਵਰਸਟੀ ਤੋਂ ਧਰਮ ਅਧਿਐਨ ਦੀ ਮਾਸਟਰ ਡਿਗਰੀ ਵੀ ਲਈ ਹੈ। ਉਹ 1997 ਵਿਚ ਪ੍ਰਚਾਰਕ ਭਰਤੀ ਹੋਏ ਤੇ ਜੁਲਾਈ 1999 ਵਿਚ ਦਰਬਾਰ ਸਾਹਿਬ, ਮੁਕਤਸਰ ਸਾਹਿਬ ਦੇ ਕਥਾ ਵਾਚਕ/ ਮੁੱਖ ਗ੍ਰੰਥੀ ਬਣੇ ਸਨ। 17 ਸਾਲ ਮੁੱਖ ਗ੍ਰੰਥੀ ਦੀ ਸੇਵਾ ਤੋਂ ਬਾਅਦ 21 ਅਪ੍ਰੈਲ 2017 ਨੂੰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਸੰਭਾਲਣ ਵਾਲੇ ਗਿਆਨੀ ਹਰਪ੍ਰੀਤ ਸਿੰਘ ਨੂੰ ਅੱਜ 22 ਅਕਤੂਬਰ 2018 ਨੂੰ ਅਕਾਲ ਤਖ਼ਤ ਸਾਹਿਬ ਦਾ ਕਾਰਜਕਾਰੀ ਜਥੇਦਾਰ ਨਿਯੁਕਤ ਕੀਤਾ ਗਿਆ ਹੈ।

# ਵਿਦੇਸ਼ੀ ਨਿਵੇਸ਼ਕਾਂ ਨੇ ਤਿੰਨ ਹਫਤੇ ਵਿੱਚ ਭਾਰਤ ਵਿਚਲੇ ਬਾਜ਼ਾਰਾਂ ਤੋਂ 32000 ਕਰੋੜ ਰੁਪਏ ਕੱਢੇ

ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਵਿਦੇਸ਼ੀ ਨਿਵੇਸ਼ਕਾਂ ਨੇ ਇਸ ਮਹੀਨੇ ਦੇ ਪਹਿਲੇ ਤਿੰਨ ਹਫਤਿਆਂ 'ਚ ਭਾਰਤੀ ਪੂੰਜੀ ਬਾਜ਼ਾਰ ਤੋਂ ਕਰੀਬ 32000 ਕਰੋੜ ਰੁਪਏ ਕੱਢ ਲਏ ਹਨ। ਵਪਾਰ ਮੋਰਚੇ ਉਤੇ ਜਾਰੀ ਤਣਾਅ, ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਅਮਰੀਕੀ ਬ੍ਰਾਂਡ ਦਾ ਲਾਭ ਵਧਣਾ ਇਸ ਦੀ ਵਜ੍ਹਾ ਹੈ। ਇਹ ਅੰਕੜਾ ਸਤੰਬਰ ਮਹੀਨੇ ਵਿੱਚ ਜ਼ਮਾਨਤ ਬਾਜ਼ਾਰ 'ਤੋਂ ਹੋਈ ਕੁੱਲ ਨਿਕਾਸੀ ਨਾਲੋਂ ਵੀ ਜ਼ਿਆਦਾ ਹੈ।

ਵਰਨਣ ਯੋਗ ਹੈ ਕਿ ਸਤੰਬਰ ਵਿੱਚ ਵਿਦੇਸ਼ੀ ਨਿਵੇਸ਼ਕਾਂ ਨੇ 21000 ਕਰੋੜ ਰੁਪਏ ਤੋਂ ਵੱਧ ਦੀ ਨਿਕਾਸੀ ਕੀਤੀ ਸੀ। ਇਸ ਤੋਂ ਪਹਿਲਾਂ ਜੁਲਾਈ ਅਗਸਤ ਵਿੱਚ ਨਿਵੇਸ਼ਕਾਂ ਨੇ ਜ਼ਮਾਨਤ ਬਾਜ਼ਾਰ (ਸ਼ੇਅਰ ਅਤੇ ਕਰਜ਼ਾ) 'ਚ ਸ਼ੁੱਧ ਰੂਪ ਨਾਲ 7400 ਕਰੋੜ ਰੁਪਏ ਦਾ ਨਿਵੇਸ਼ ਕੀਤਾ ਸੀ। ਡਿਪਾਜ਼ਿਟਰੀ ਅੰਕੜਿਆਂ ਮੁਤਾਬਕ ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕਾਂ (ਐੱਫ ਪੀ ਆਈ) ਨੇ 1-19 ਅਕਤੂਬਰ ਦੌਰਾਨ 19810 ਕਰੋੜ ਰੁਪਏ ਦੇ ਸ਼ੇਅਰ ਵੇਚੇ ਤੇ ਕਰਜ਼ਾ ਬਾਜ਼ਾਰ ਤੋਂ 12167 ਕਰੋੜ ਰੁਪਏ ਦੀ ਨਿਕਾਸੀ ਕੀਤੀ। ਇਸ ਤਰ੍ਹਾਂ ਐੱਫ ਪੀ ਆਈ ਨੇ ਕੁੱਲ 31,977 ਕਰੋੜ ਰੁਪਏ (4.3 ਅਰਬ ਡਾਲਰ) ਕੱਢੇ ਹਨ। ਵਿਦੇਸ਼ੀ ਨਿਵੇਸ਼ਕ ਇਸ ਸਾਲ ਕੁਝ ਮਹੀਨਿਆਂ ਨੂੰ ਛੱਡ ਕੇ ਬਾਕੀ ਸਮਾਂ ਸ਼ੁੱਧ ਬਿਕਵਾਲ ਰਹੇ।

# ਫੈਡਰਲ ਕਾਰਬਨ ਪਲੈਨ ਤੋਂ ਦਿੱਤੀ ਜਾਣ ਵਾਲੀ ਛੋਟ ਬਾਰੇ ਐਲਾਨ ਕਰਨਗੇ ਟਰੂਡੋ ਤੇ ਮੈਕੇਨਾ

ਓਟਵਾ, 22 ਅਕਤੂਬਰ (ਪੋਸਟ ਬਿਊਰੋ) : ਫੈਡਰਲ ਸਰਕਾਰ ਕਾਰਬਨ ਟੈਕਸ ਲਾਉਣ ਦੇ ਨਾਲ ਨਾਲ ਕੈਨੇਡੀਅਨਾਂ ਨੂੰ ਸਿੱਧੇ ਤੌਰ ਉੱਤੇ ਇਸ ਤੋਂ ਕੁੱਝ ਛੋਟ ਦੇਣ ਦਾ ਵਾਅਦਾ ਵੀ ਕਰ ਰਹੀ ਹੈ।



ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਾਤਾਵਰਣ ਮੰਤਰੀ ਕੈਥਰੀਨ ਮੈਕੇਨਾ ਨਾਲ ਟੋਰਾਂਟੋ ਵਿੱਚ ਹੋਣਗੇ ਜਿੱਥੇ ਉਹ ਅਗਲੀਆਂ ਫੈਡਰਲ ਚੋਣਾਂ ਤੋਂ ਪਹਿਲਾਂ ਆਪਣੇ ਕਾਰਬਨ ਪ੍ਰਾਈਸਿੰਗ ਪਲੈਨ ਨੂੰ ਵੇਚਣ ਦੀ ਸ਼ੁਰੂਆਤ ਕਰਨਗੇ। ਇਸ ਤਹਿਤ ਕਿਸੇ ਪਰਿਵਾਰ ਦੀ ਆਮਦਨ ਤੇ ਉਸ ਦੇ ਆਕਾਰ ਨੂੰ ਵੇਖਦਿਆਂ ਹੋਇਆਂ ਕਾਰਬਨ ਟੈਕਸ ਉੱਤੇ ਛੋਟ ਦਿੱਤੀ ਜਾਵੇਗੀ। ਜ਼ਿਕਰਯੋਗ ਹੈ ਕਿ ਅਲਬਰਟਾ ਵਿੱਚ ਜਦੋਂ 2017 ਵਿੱਚ ਕਾਰਬਨ ਟੈਕਸ ਲਾਇਆ ਗਿਆ ਸੀ ਤਾਂ ਜਿਹੋ ਜਿਹੀ ਸਕੀਮ ਉਸ ਸਮੇਂ ਪੇਸ਼ ਕੀਤੀ ਗਈ ਸੀ ਇਹ ਉਹੋ ਜਿਹੀ ਸਕੀਮ ਹੀ ਹੈ। ਦੋਵੇਂ ਆਗੂ ਮੰਗਲਵਾਰ ਨੂੰ ਐਲਾਨ ਕਰਨਗੇ ਕਿ ਕਿਹੜੇ ਪ੍ਰੋਵਿੰਸਾਂ ਉੱਤੇ ਫੈਡਰਲ ਕਾਰਬਨ ਪ੍ਰਾਈਸ ਲਾਗੂ ਹੋਵੇਗਾ। ਪਬਲਿਕ ਸੇਫਟੀ ਮੰਤਰੀ ਰਾਲਫ ਗੁਡੇਲ ਤੇ ਇੰਟਰਨੈਸ਼ਨਲ ਟਰੇਡ ਮੰਤਰੀ ਜਿੰਮ ਕਾਰ ਨੂੰ ਉਨ੍ਹਾਂ ਦੇ ਹੋਮ ਪ੍ਰੋਵਿੰਸਾਂ ਵੱਲ ਰਵਾਨਾ ਕਰ ਦਿੱਤਾ ਗਿਆ ਹੈ ਤਾਂ ਕਿ ਇਹ ਪਤਾ ਲਾਇਆ ਜਾ ਸਕੇ ਕਿ ਉਨ੍ਹਾਂ ਪ੍ਰੋਵਿੰਸਾ ਵਿੱਚ ਇਹ ਛੋਟ ਸਿਸਟਮ ਕਿਸ ਤਰ੍ਹਾਂ ਕੰਮ ਕਰਦਾ ਹੈ ਜਿੱਥੇ ਇਹ ਪਹਿਲਾਂ ਤੋਂ ਹੀ ਲਾਗੂ ਹੈ। ਇਸ ਸਬੰਧ ਵਿੱਚ ਸਸਕੈਚਵਨ, ਮੈਨੀਟੋਬਾ ਤੇ ਨਿਊ ਬਰੰਜ਼ਵਿੱਕ ਵਿੱਚ ਐਲਾਨ ਕੀਤੇ ਜਾਣ ਦੀ ਸੰਭਾਵਨਾ ਹੈ।

...ਬਾਕੀ ਪੰਨਾ 6 ’ਤੇ

# ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤਾਂ ਦੀ ਸਨਮਾਨ ਬਹਾਲੀ ਨੂੰ ਮੁੱਖ ਏਜੰਡਾ ਆਖਿਆ

ਬਠਿੰਡਾ, 22 ਅਕਤੂਬਰ, (ਪੋਸਟ ਬਿਊਰੋ)- ਅਕਾਲ ਤਖ਼ਤ ਸਾਹਿਬ ਦੇ ਨਵੇਂ ਨਿਯੁਕਤ ਕੀਤੇ ਗਏ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤ ਸਾਹਿਬਾਨ ਦੇ ਮਾਣ-ਸਨਮਾਨ ਨੂੰ ਉੱਚਾ ਚੁੱਕਣ ਤੇ ਪੰਥ ਵਿੱਚ ਏਕਤਾ ਦੀ ਬਹਾਲੀ ਨੂੰ ਆਪਣਾ ਮੁੱਖ ਏਜੰਡਾ ਕਿਹਾ ਹੈ। ਉਨ੍ਹਾਂ ਨੇ ਪੰਥਕ ਏਕਤਾ ਲਈ ਸਭ ਨਾਲ ਲੈ ਕੇ ਚੱਲਣ ਦੀ ਗੱਲ ਕਹੀ ਹੈ।

ਵਰਨਣ ਯੋਗ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦੀ 20 ਅਪਰੈਲ 2017 ਨੂੰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਵਜੋਂ ਨਿਯੁਕਤੀ ਹੋਈ ਅਤੇ ਕਰੀਬ ਡੇਢ ਸਾਲ ਪਿੱਛੋਂ ਅਕਾਲ ਤਖ਼ਤ ਸਾਹਿਬ ਲਈ ਕਾਰਜਕਾਰੀ ਜਥੇਦਾਰ ਵਜੋਂ ਜ਼ਿੰਮੇਵਾਰੀ ਸੌਂਪੀ ਗਈ ਹੈ। ਪਿਛਲੇ ਹਫਤੇ ਸੇਵਾ ਮੁਕਤ ਹੋਏ ਜਥੇਦਾਰ ਗਿਆਨੀ ਗੁਰਬਚਨ ਸਿੰਘ ਵਾਂਗ ਨਵੇਂ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੀ ਜ਼ਿਲ੍ਹਾ ਮੁਕਤਸਰ ਦੇ ਕਸਬਾ ਗਿੱਦੜਬਾਹਾ ਤੋਂ ਹਨ। ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਤੋਂ ਧਰਮਾਂ ਦੇ ਤੁਲਨਾਤਮਿਕ ਅਧਿਐਨ ਵਿਸ਼ੇ ’ਤੇ ਪੋਸਟ ਗਰੈਜੂਏਸ਼ਨ ਕੀਤੀ ਤੇ ਸਾਲ 2014 ਵਿਚ ਪੀ ਐੱਚ ਡੀ ਲਈ ਉਨ੍ਹਾਂ ਦੀ ਐਨਰੋਲਮੈਂਟ ਹੋਣ ਪਿੱਛੋਂ ਸਾਲ 2015 ਵਿਚ ਪੀ ਐੱਚ ਡੀ ਦਾ ਵਿਸ਼ਾ ਰਜਿਸਟਰਡ ਹੋਇਆ ਸੀ ਅਤੇ ਉਹ ਪੰਜਾਬੀ ਯੂਨੀਵਰਸਿਟੀ ਦੇ ਡਾ. ਮੁਹੰਮਦ ਹਬੀਬ ਦੀ ਨਿਗਰਾਨੀ ਹੇਠ ਪੀ ਐੱਚ ਡੀ ਕਰ ਰਹੇ ਹਨ।

ਅੱਜ ਇਸ ਨਿਯੁਕਤੀ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜਿਵੇਂ ਪਿਛਲੇ ਸਮੇਂ ਦੌਰਾਨ ਤਖ਼ਤਾਂ ਦੇ ਮਾਣ-ਸਨਮਾਨ ਅਤੇ ਜਥੇਦਾਰ ਦੇ ਰੁਤਬੇ ਬਾਰੇ ਉਂਗਲ ਉੱਠਦੀ ਰਹੀ ਅਤੇ ਪੰਥਕ ਏਕਤਾ ਬਾਰੇ ਕਾਫ਼ੀ ਮੱਤਭੇਦ ਬਣੇ ਹੋਏ ਹਨ, ਇਸ ਕਾਰਨ ਚੁਣੌਤੀਆਂ ਘੱਟ ਨਹੀਂ। ਉਨ੍ਹਾਂ ਕਿਹਾ ਕਿ ਇਸ ਬਾਰੇ ਸਿੱਖ ਸੰਪਰਦਾਵਾਂ, ਸਿੱਖ ਵਿਦਵਾਨਾਂ ਤੋਂ ਇਲਾਵਾ ਸਾਰੀਆਂ ਪੰਥਕ ਧਿਰਾਂ ਨਾਲ ਮੀਟਿੰਗਾਂ ਕਰਕੇ ਉਨ੍ਹਾਂ ਦੇ ਸੁਝਾਅ ਲਏ ਜਾਣਗੇ। ਬਰਗਾੜੀ ਦੇ ਇਨਸਾਫ਼ ਮੋਰਚੇ ਦੀਆਂ ਮੰਗਾਂ ਨੂੰ ਉਨ੍ਹਾਂ ਨੇ ਦਰੁਸਤ ਤੇ ਜਾਇਜ਼ ਦੱਸਿਆ, ਪਰ ਇਸ ਮੋਰਚੇ ਦਾ ਮੰਗਾਂ ਮਨਵਾਉਣ ਦਾ ਢੰਗ ਠੀਕ ਹੈ ਜਾਂ ਗ਼ਲਤ, ਇਸ ਬਾਰੇ ਟਿੱਪਣੀ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਬਰਗਾੜੀ ਮੋਰਚੇ ਦੀਆਂ ਮੰਗਾਂ ਦੇਸ-ਵਿਦੇਸ਼ ਵਿੱਚ ਹਰ ਸਿੱਖ ਦੀ ਮੰਗ ਹੈ ਤੇ ਬੇਅਦਬੀ ਦੇ ਦੋਸ਼ੀ ਸਜ਼ਾ ਦੇ ਹੱਕਦਾਰ ਹਨ। ਉਨ੍ਹਾਂ ਕਿਹਾ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉਨ੍ਹਾਂ ਨੇ ਨਹੀਂ ਪੜ੍ਹੀ। ਅਕਾਲੀ ਦਲ ਵਿਚਲੀਆਂ ਬਾਗ਼ੀ ਸੁਰਾਂ ਬਾਰੇ ਵੀ ਉਨ੍ਹਾਂ ਕੋਈ ਟਿੱਪਣੀ ਨਹੀਂ ਕੀਤੀ।

# ਬਰਗਾੜੀ ਕੇਸ ਵਿੱਚ ਚਾਰ ਪੁਲੀਸ ਅਫਸਰਾਂ ਦੀ ਅਰਜ਼ੀ ਕੋਰਟ ਨੇ ਸੁਣਵਾਈ ਲਈ ਮਨਜ਼ੂਰ ਕੀਤੀ

ਚੰਡੀਗੜ੍ਹ, 22 ਅਕਤੂਬਰ, (ਪੋਸਟ ਬਿਊਰੋ)- ਬਰਗਾੜੀ ਸਮੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਚਾਰ ਕੇਸਾਂ ਦੀ ਖੁਦਮੁਖ਼ਤਾਰ ਏਜੰਸੀ, ਜਿਵੇਂ ਸੀ ਬੀ ਆਈ, ਤੋਂ ਜਾਂਚ ਦੀ ਮੰਗ ਲਈ ਸਾਬਕਾ ਐਸ ਐਸ ਪੀ ਚਰਨਜੀਤ ਸਿੰਘ ਸ਼ਰਮਾ ਤੇ ਤਿੰਨ ਹੋਰ ਪੁਲੀਸ ਅਫਸਰਾਂ ਨੇ ਪੰਜਾਬ ਹਰਿਆਣਾ ਹਾਈ ਕੋਰਟ ਦਾ ਦਰ ਖੜਕਾਇਆ ਹੈ। ਉਨ੍ਹਾਂ ਦੀ ਅਰਜ਼ੀ ਸੁਣਵਾਈ ਕਰਨ ਦੇ ਲਈ ਪ੍ਰਵਾਨ ਕਰ ਕੇ ਸਰਕਾਰ ਨੂੰ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ।

ਅੱਜ ਇਸ ਕੇਸ ਨੂੰ ਦਾਖ਼ਲ ਕਰਦਿਆਂ ਜਸਟਿਸ ਰਾਜਨ ਗੁਪਤਾ ਨੇ ਪੰਜਾਬ ਸਰਕਾਰ, ਸੀ ਬੀ ਆਈ ਅਤੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਨੂੰ ਨੋਟਿਸ ਜਾਰੀ ਕੀਤਾ ਹੈ। ਇਸ ਕੇਸ ਦੀ ਅਗਲੀ ਸੁਣਵਾਈ 26 ਅਕਤੂਬਰ ਨੂੰ ਹੋਵੇਗੀ। ਪਟੀਸ਼ਨ ਕਰਨ ਵਾਲੇ ਪੁਲਸ ਅਫਸਰਾਂ ਨੇ ਬਦਸਲੂਕੀ, ਕਾਨੂੰਨ, ਤਾਕਤ ਤੇ ਸੱਤਾ ਦੀ ਦੁਰਵਰਤੋਂ ਦਾ ਦੋਸ਼ ਲਾਉਂਦੇ ਹੋਏ ਕਿਹਾ ਹੈ ਕਿ ਅਜਿਹੇ ਹਾਲਾਤ ਵਿੱਚ ਪੰਜਾਬ ਪੁਲੀਸ ਤੋਂ ਕੇਸ ਦੀ ਸੁਤੰਤਰ ਅਤੇ ਨਿਰਪੱਖ ਜਾਂਚ ਦੀ ਆਸ ਨਹੀਂ ਕੀਤੀ ਜਾ ਸਕਦੀ। ਵਕੀਲ ਸੰਤਪਾਲ ਸਿੰਘ ਸਿੱਧੂ ਦੇ ਰਾਹੀਂ ਦਿੱਤੀ ਅਰਜ਼ੀ ਵਿੱਚ ਇਨ੍ਹਾਂ ਨੇ ਦਾਅਵਾ ਕੀਤਾ ਹੈ ਕਿ ਉਹ 2015 ਵਿੱਚ ਵਾਪਰੀ ਬੇਅਦਬੀ ਦੀ ਘਟਨਾ ਪਿੱਛੋਂ ਵਿਗੜੇ ਹਾਲਾਤ ਨੂੰ ਕਾਬੂ ਕਰਨ ਦੀ ਕਾਰਵਾਈ ਵਿੱਚ ਸ਼ਾਮਲ ਸਨ। ਸਿੱਧੂ ਨੇ ਹਾਈ ਕੋਰਟ ਨੂੰ ਦੱਸਿਆ ਕਿ ਇਸ ਘਟਨਾ ਪਿੱਛੋਂ ਬਣਾਏ ਜਾਂਚ ਕਮਿਸ਼ਨ ਦੀ ਸਿਫਾਰਸ਼ ਉਤੇ ਪੰਜਾਬ ਸਰਕਾਰ ਨੇ ਬਿਨਾਂ ਜਾਂਚ ਤੇ ਸਬੂਤਾਂ ਤੋਂ ਪਟੀਸ਼ਨਰਾਂ ਨੂੰ ਰਾਜਨੀਤਕ ਆਧਾਰ ’ਤੇ ਕਸੂਰਵਾਰ ਬਣਾਇਆ ਸੀ। ਸਿੱਧੂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਦਰਜ ਕੇਸ ਦੀ ਜਾਂਚ ਤਬਦੀਲ ਕਰਨ ਦਾ ਨੋਟੀਫਿਕੇਸ਼ਨ ਰਾਜਨੀਤਕ ਆਧਾਰ ਉੱਤੇ ਵਾਪਸ ਲੈ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਟੀਸ਼ਨਰ ਚਰਨਜੀਤ ਸਿੰਘ ਸ਼ਰਮਾ, ਬਿਕਰਮਜੀਤ ਸਿੰਘ, ਪ੍ਰਦੀਪ ਸਿੰਘ ਅਤੇ ਅਮਰਜੀਤ ਸਿੰਘ ਨੂੰ ਬਾਬਾ ਬਕਾਲਾ ਵਿੱਚ 21 ਅਕਤੂਬਰ 2015 ਨੂੰ ਦਰਜ ਕੇਸ ਦਾ ਦੋਸ਼ੀ ਬਣਾਇਆ ਗਿਆ ਹੈ।

# ਖਸ਼ੋਗੀ ਦੇ ਕਤਲ ਨਾਲ ਟਰੰਪ ਦੀ ਅਮਨ-ਯੋਜਨਾ ਵੀ ਠੱਪ ਹੋ ਗਈ

ਯੇਰੂਸ਼ਲਮ, 22 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਪਿਛਲੇ ਮਹੀਨਿਆਂ ਵਿੱਚ ਪੱਛਮੀ ਏਸ਼ੀਆ ’ਚ ਆਪਣੀ ਸ਼ਾਂਤੀ ਯੋਜਨਾ ਨੂੰ ਕਈ ਵਾਰ ਟਾਲਣਾ ਪਿਆ ਹੈ ਤੇ ਸਾਊਦੀ ਦੇ ਪੱਤਰਕਾਰ ਜਮਾਲ ਖਸ਼ੋਗੀ ਦੀ ਹੱਤਿਆ ਤੋਂ ਬਾਅਦ ਉਨ੍ਹਾਂ ਨੂੰ ਆਪਣੀ ਇਸ ਯੋਜਨਾ ਨੂੰ ਠੰਡੇ ਬਸਤੇ ’ਚ ਪਾਉਣਾ ਪੈ ਸਕਦਾ ਹੈ।

ਮਿਲੀ ਜਾਣਕਾਰੀ ਅਨੁਸਾਰ ਸਾਊਦੀ ਅਰਬ ਦੇ ਬਹੁਤ ਸ਼ਕਤੀਸ਼ਾਲੀ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਅਹਿਮ ਭੂਮਿਕਾ ’ਚ ਹੁੰਦੇ ਤਾਂ ਉਹ ਇਸਰਾਈਲ ਅਤੇ ਫਿਲਸਤੀਨ ਦੋਵਾਂ ਵਿਚਾਲੇ ਕੂਟਨੀਤਿਕ ਕੜੀ ਦਾ ਕੰਮ ਕਰ ਸਕਦੇ ਸਨ, ਪਰ ਖਸ਼ੋਗੀ ਦੇ ਕਤਲ ਤੋਂ ਬਾਅਦ ਮੁਹੰਮਦ ਬਿਨ ਸਲਮਾਨ ਦੀ ਭਰੋਸੇ ਯੋਗਤਾ ਉੱਤੇ ਗੰਭੀਰ ਸਵਾਲ ਖੜ੍ਹੇ ਹੋ ਗਏ ਹਨ ਤੇ ਅਜਿਹੇ ’ਚ ਰਾਸ਼ਟਰਪਤੀ ਟਰੰਪ ਨੂੰ ਜਲਦੀ ਆਪਣੀ ਪੱਛਮ ਏਸ਼ੀਆ ਨੀਤੀ ’ਤੇ ਮੁੜ ਵਿਚਾਰ ਕਰਨਾ ਪੈਣਾ ਹੈ। ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਕਾਰਜਕਾਲ ਵਿੱਚ ਇਸਰਾਈਲ ਵਿੱਚ ਰਾਜਦੂਤ ਰਹੇ ਡੈਨ ਸ਼ਾਪਿਰੋ ਨੇ ਕਿਹਾ ਕਿ ਇਹ ਨਿਸ਼ਚਿਤ ਰੂਪ ਨਾਲ ਕੋਈ ਪ੍ਰਸਤਾਵ ਜਾਰੀ ਕਰਨ ਦੀ ਉਨ੍ਹਾਂ ਦੀ ਯੋਜਨਾ ਨੂੰ ਹੋਰ ਖਰਾਬ ਕਰੇਗਾ।

# ਕਥਿਤ ਹਮਲੇ ਤੋਂ ਬਾਅਦ ਬੱਚੀ ਦੀ ਹਸਪਤਾਲ ਵਿੱਚ ਹੋਈ ਮੌਤ

ਟੋਰਾਂਟੋ, 22 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਕਥਿਤ ਤੌਰ ਉੱਤੇ ਇੱਕ ਹਮਲੇ ਵਿੱਚ ਜ਼ਖ਼ਮੀ ਹੋਣ ਕਾਰਨ ਇੱਕ ਤਿੰਨ ਮਹੀਨੇ ਦੀ ਬੱਚੀ ਨੇ ਹਸਪਤਾਲ ਵਿੱਚ ਦਮ ਤੋੜ ਦਿੱਤਾ।



ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਵੀਰਵਾਰ ਨੂੰ ਸਵੇਰੇ 11:00 ਵਜੇ ਸ਼ਹਿਰ ਦੇ ਪੂਰਬੀ ਸਿਰੇ ਉੱਤੇ ਸਥਿਤ ਇੱਕ ਅਪਾਰਟਮੈਂਟ ਵਿੱਚ ਸੱਦਿਆ ਗਿਆ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਪੈਰਾਮੈਡਿਕਸ ਬੱਚੀ ਦਾ ਇਲਾਜ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਬੱਚੀ ਗੰਭੀਰ ਰੂਪ ਵਿੱਚ ਜ਼ਖ਼ਮੀ ਨਜ਼ਰ ਆ ਰਹੀ ਸੀ।

ਪੁਲਿਸ ਨੇ ਦੱਸਿਆ ਕਿ ਪੈਰਾਮੈਡਿਕਸ ਫੌਰਨ ਬੱਚੀ ਨੂੰ ਹਸਪਤਾਲ ਲੈ ਗਏ ਤੇ ਉੱਥੇ ਉਸ ਨੂੰ ਲਾਈਫ ਸਪੋਰਟ ਸਿਸਟਮ ਉੱਤੇ ਰੱਖਿਆ ਗਿਆ ਪਰ ਬਾਅਦ ਵਿੱਚ ਐਤਵਾਰ ਨੂੰ ਉਸ ਦੀ ਮੌਤ ਹੋ ਗਈ। ਸੋਮਵਾਰ ਨੂੰ ਉਸ ਦਾ ਪੋਸਟ ਮਾਰਟਮ ਕੀਤਾ ਜਾਵੇਗਾ। ਪੁਲਿਸ ਨੇ ਦੱਸਿਆ ਕਿ ਟੋਰਾਂਟੋ ਦੇ 29 ਸਾਲਾ ਮੈਥਿਊ ਬੋਫਾਰਡ ਨੂੰ ਹਮਲਾ ਕਰਨ ਦੇ ਸਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ ਤੇ ਬਾਅਦ ਵਿੱਚ ਪੋਸਟ ਮਾਰਟਮ ਦੀ ਰਿਪੋਰਟ ਤੋਂ ਬਾਅਦ ਉਸ ਦੇ ਚਾਰਜ ਵਿੱਚ ਵਾਧਾ ਵੀ ਹੋ ਸਕਦਾ ਹੈ।

COLUMBUS TRUCK WASH
Open 7 Days
A/Z Drivers Needed
For Local Work (Busy All 7 Days a Week)
6771 COLUMBUS RD, UNIT #12
MISSISSAUGA ON (Near Dixie Gurughar)
905-672-1635

A1 HERBAL Ayurvedic Clinic
ਡਿਸਕ, ਮੋਚ, ਚੁੱਕ, ਧਰਨ, ਰੀਹ
● ਗਰਦਨ ਦਰਦ ● ਸਿਰਦਰਦ ● ਕਮਰ ਦਰਦ
● ਡਿਸਕ ਦਾ ਦਰਦ ● ਤੁਰਨ ਵੇਲੇ ਲੱਤਾਂ ਵਿੱਚ ਦਰਦ
● ਗੋਡਿਆਂ ਵਿੱਚ ਦਰਦ ਜਾਂ ਸੋਜ ● ਪੱਸਲੀਆਂ ਦਾ ਦਰਦ
● ਅੱਡੀਆਂ ਦਾ ਦਰਦ ● ਉੱਠ ਬੈਠ ਨਾ ਸਕਣਾ
ਗੱਠੀਆ ਦਾ ਪੱਕਾ ਹਰਬਲ ਇਲਾਜ
ਅਸੀਂ ਆਯੁਰਵੇਦਿਕ ਥੈਰਪੀ ਵੀ ਕਰਦੇ ਹਾਂ
ਜਿਵੇਂ ਸ਼ਿਰੋਧਾਰਾ, ਨੱਸਿਆ, ਨੇਤਰਵਸਤੀ
ਅਸੀਂ ਥੈਰਪੀ ਵਾਸਤੇ ਹਰ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
Herbalist G. Rubal RNCP
ਇੱਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ
www.A1HERBAL.ca
Ph# 905-874-3333
351 Parkhurst Sq, unit 11, Brampton ON L6T 0C2
Across from 747 Flea Market (Airport Rd & Steels Ave.)
Custom Orthotics ਲੈ ਸਕਦੇ ਹੋ

REXDALE FINANCIAL SERVICES
WE HELP YOU START, GROW AND SUCCEED
Call now 416-674-8035
Tired pf Paying High Interest ?
PAY OFF YOUR DEBITS
BANKS SAY NO? WE SAY YES !
Increase Your Cash Flow by Upto 50%
YOU NEED A MORTGAGE ? WE'LL ARRANGE IT FOR YOU NO MATTER WHAT YOUR REASON IS !
Take advantage of the low mortgage rates that are being offered & save thousand of dollars
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
BEHIND ON YOUR MORTGAGE PAYMENTS ?
SHOPPING FOR A BETTER INTEREST RATE?
MORTGAGES SUITABLE FOR EVERY NEED !
1st, 2nd and 3rd Mortgages Available !
ALL IN ONE LOW MONTHLY PAYMENT !
Do You Want To?
• Pay Off All Your Credit Cards/Loans At Once
• Consolidate Your 1st & 2nd Mortgages
• Finance Those Renovations That Your Family Always Wants
• Renew Your Mortgage For Lower Rates
SELF-EMPLOYED OR UN-EMPLOYED
Some Conditions Apply
NO CREDIT ANY CREDIT
Om Mehta # M08006224 416-791-8193
Jaspal Singh Gahunia # M08006400 416-677-0047
The Mortgage Centre
19 Woodbine Downs Blvd., Unit 201, Etobicoke, ON M9W 6N5

UK Truck Training Centre
Ministry Approved Private Carrier College
Automatic & Manual Trucks
1 on 1 Training
Forklift Training
Forklift $79
Reach Truck
Counterbalance
“We Provide Training For Forklift & Trucks”
17 ਸਾਲਾਂ ਦਾ ਤਜ਼ਰਬਾ | ਸਤੇ ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
Kuldip Singh Grewal 647.894.8590
7542 Bath Rd, Mississauga, ON L4T 1L2
Off:905.673.7979

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
ਲਿਵਰ ਸਰੋਇਸਿਸ ਫੈਟੀ ਲਿਵਰ
ਹੈਪਾਟਾਇਟਸ A, B &C ਪੀਲੀਆ
ਡਿਪਰੈਸ਼ਨ ਦਾ ਸ਼ਰਤੀਆ ਇਲਾਜ਼
Symptoms: ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety, Self Confidence ਨਹੀਂ ਰਹਿਣਾ, ਮੰਨ ਉਦਾਸ ਰਹਿਣਾ, ਚੇਤਾ ਭੁੱਲਣਾ ਆਦਿ ਤਕਲੀਫਾਂ ਦਾ ਇਲਾਜ ਹੈ।
ਅਡੀਆਂ ਦੀਆਂ ਹਡੀਆਂ ਵੱਧ ਜਾਣਾ ਅਤੇ ਦਰਦ ਦਾ ਪਕਾ ਇਲਾਜ
ਆਪਣੀ ਚਿਹਰੇ ਦੀ ਖੂਬਸੂਰਤੀ ਨੂੰ ਵਧਾਓ
ਫੇਸ ਤੇ ਫਿੰਸੀਆਂ, ਫੌੜੀਆ ਤੇ ਔਰਤਾਂ ਦੀਆਂ ਯੂਟਰਸ ਦੀਆਂ ਰਸੌਲੀਆਂ ਜ਼ਿੱਦੀ ਸ਼ਾਈਆਂ ਵਰਗੀ ਬਿਮਾਰੀ ਤੋਂ ਛੁਟਕਾਰਾ ਪਾਓ।
ਹਾਈ ਬੀ-ਪੀ, ਕੋਲੈਸਟਰੋਲ, ਹਾਰਟ ਪਰੋਬਲਮ, ਆਰਟਰੀ ਦੀ ਬਲੋਕੇਜ, ਮਹਾਵਾਰੀ ਤੇ ਬਾਇਪਾਸ ਸਰਜਰੀ ਤੋ ਬਚਾਉ ਦਾ ਪਕਾ ਇਲਾਜ।
ਬਚਿਆਂ ਤੇ ਵਡਿਆਂ ਦੀ ਪਿਸ਼ਾਬ ਸੰਬੰਧੀ ਬਿਮਾਰੀਆਂ ਦਾ ਵੀ ਇਲਾਜ
ਬਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਆਦਿ ਲਈ ਸੰਪਕਰ ਕਰੋ
ਜੇਕਰ ਤੁਸੀਂ Stunt ਜਾਂ ਬਾਈ ਪਾਸ ਸਰਜਰੀ ਤੋਂ ਬੱਚਣਾ ਚਾਹੁੰਦੇ ਹੋ ਤਾਂ ਅੱਜ ਹੀ ਸਾਨੂੰ ਸੰਪਰਕ ਕਰੋ।
ਸਰਜਰੀ ਅਤੇ Stunt ਤੋਂ ਬੱਚਣ ਲਈ ਸਾਡੇ ਕੋਲ ਤੱਸਲੀਬੱਖਸ਼ ਇਲਾਹ ਹੈ। No side effects.
ਸੀਜ਼ਨਲ ਅਤੇ ਹਰ ਤਰ੍ਹਾਂ ਦੀ ਐਲਰਜੀ
ਅਖਾਂ ਲਾਲ, ਨਕ ਵਧਣਾ, ਖਾਜ ਹੋਣੀ ਫੁਲਾਂ ਤੋਂ ਅਤੇ ਘਾਹ ਤੋ ਅਲਰਜੀ, Sinus, Headache, running nose, sneezing ਆਦਿ ਤਕਲੀਫਾਂ ਦਾ ਵੀ ਜੜੋ ਇਲਾਜ ਹੈ।
NO SIDE EFFECTS
ਵਧੇਰੀ ਜਾਣਕਾਰੀ ਲਈ ਕਾਲ ਕਰੋ: 647-643-7593

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ
ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
GAURAV GUPTA
905.796.3535
LAST MINUTE DEALS AVAILABLE
218 KINGKNOLL DR., BRAMPTON, ON L6Y 4X4

# ਦਸਹਿਰਾ ਕਾਂਡ: ਅੰਮ੍ਰਿਤਸਰ ਪੁਲੀਸ ਨੇ ਮੁਕੰਮਲ ਸੁਰੱਖਿਆ ਪ੍ਰੋਗਰਾਮ ਜਾਰੀ ਕੀਤਾ ਹੋਇਆ ਸੀ



ਚੰਡੀਗੜ੍ਹ, 22 ਅਕਤੂਬਰ, (ਪੋਸਟ ਬਿਊਰੋ)- ਅੰਮ੍ਰਿਤਸਰ ਦੇ ਗੋਲਡਨ ਐਵੇਨਿਊ ਦਸਹਿਰਾ ਮੇਲੇ ਮੌਕੇ ਵਾਪਰੇ ਭਿਆਨਕ ਹਾਦਸੇ ਤੋਂ ਚੌਵੀ ਘੰਟੇ ਪਹਿਲਾਂ ਸ਼ਹਿਰ ਦੇ ਪੁਲੀਸ ਕਮਿਸ਼ਨਰੇਟ ਨੇ ਇਸ ਜਗ੍ਹਾ ਬਾਰੇ ਪੂਰਾ ਸੁਰੱਖਿਆ ਪ੍ਰੋਗਰਾਮ ਜਾਰੀ ਕਰ ਦਿੱਤਾ ਸੀ, ਜਿਸ ਵਿਚ 15 ਤੋਂ 20 ਹਜ਼ਾਰ ਲੋਕਾਂ ਦੇ ਪਹੁੰਚਣ ਦੀ ਆਸ ਸੀ ਤੇ ਕਰੀਬ 75 ਪੁਲੀਸ ਮੁਲਾਜ਼ਮ ਤਾਇਨਾਤ ਕੀਤੇ ਜਾਣੇ ਸਨ। ਸੁਰੱਖਿਆ ਰਿਹਰਸਲ ਤੇ ਇੰਨੀ ਸਾਰੇ ਪੁਲੀਸ ਵਾਲਿਆਂ ਦੀ ਤਾਇਨਾਤੀ ਦੇ ਬਾਵਜੂਦ ਕਿਸੇ ਨੂੰ ਖਿਆਲ ਵੀ ਨਹੀਂ ਸੀ ਕਿ ਕੁਝ ਸੈਂਕੜੇ ਲੋਕਾਂ ਦੇ ਇਕੱਠ ਨਾਲ ਏਦਾਂ ਦਾ ਕਾਂਡ ਵਾਪਰ ਸਕਦਾ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਪ੍ਰਬੰਧ ਦੀ ਕਚਿਆਈ ਇਹ ਸੀ ਕਿ ਤਿੰਨ ਸਫੇ ਦਾ ਸੁਰੱਖਿਆ ਸਰਕੂਲਰ ਜ਼ਿਲਾ ਪ੍ਰਸ਼ਾਸਨ, ਨਗਰ ਨਿਗਮ, ਇਲਾਕੇ ਦੇ ਐਸ ਐਚ ਓ ਅਤੇ ਟਰੈਫਿਕ ਵਿੰਗ ਨੂੰ ਭੇਜਿਆ ਗਿਆ ਸੀ, ਪਰ ਰੇਲਵੇ ਨੂੰ ਨਹੀਂ। ਸੁਰੱਖਿਆ ਪ੍ਰੋਗਰਾਮ ਵਿਚ ਉਸ ਜਗ੍ਹਾ ਦੀ ਸੁਰੱਖਿਆ ਦੇ ਵੇਰਵੇ ਦਿੱਤੇ ਜਾਂਦੇ ਹਨ, ਜਿੱਥੇ ਕਿਸੇ ਵੀ ਆਈ ਪੀ ਨੇ ਜਾਣਾ ਹੋਵੇ ਜਾਂ ਵੱਡੀ ਗਿਣਤੀ ਵਿਚ ਲੋਕਾਂ ਨੇ ਇਕੱਠੇ ਹੋਣਾ ਹੁੰਦਾ ਹੈ। ਪੁਲਸ ਸਰਕੂਲਰ ਦੀ ਕਾਪੀ ਮੁਤਾਬਕ ਸ਼ਹਿਰ ਵਿਚ ਕਰੀਬ 20 ਥਾਵਾਂ ਉੱਤੇ ਹੋ ਰਹੇ ਦਸਹਿਰਾ ਸਮਾਗਮਾਂ ਦੇ ਵਿਆਪਕ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ।

ਅੱਜ ਤੋਂ ਇਸ ਕਾਂਡ ਦੀ ਜਾਂਚ ਸ਼ੁਰੂ ਕਰ ਰਹੇ ਏ ਡੀ ਜੀ ਪੀ ਰੇਲਵੇ ਇਕਬਾਲਪ੍ਰੀਤ ਸਿੰਘ ਸਹੋਤਾ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਹ ਸਰਕੂਲਰ ਰੇਲਵੇ ਨੂੰ ਨਹੀਂ ਭੇਜਿਆ ਗਿਆ। ਉਨ੍ਹਾਂ ਇਸ ਬਾਰੇ ਅੰਮ੍ਰਿਤਸਰ ਪੁਲੀਸ ਦਾ ਜਾਰੀ ਕੀਤਾ ਸੁਰੱਖਿਆ ਪ੍ਰੋਗਰਾਮ ਵੀ ਰਿਕਾਰਡ ਉੱਤੇ ਲਿਆ ਹੈ। ਅੰਮ੍ਰਿਤਸਰ ਦੇ ਪੁਲੀਸ ਕਮਿਸ਼ਨਰ ਐਸ ਐਸ ਸ੍ਰੀਵਾਸਤਵ ਨੇ ਦੱਸਿਆ ਕਿ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ, ਪਰ ਰੇਲਵੇ ਪਟੜੀਆਂ ਜ਼ਿਲਾ ਪੁਲੀਸ ਦੇ ਅਧਿਕਾਰ ਖੇਤਰ ਵਿਚ ਨਹੀਂ।

ਇਸ ਦੌਰਾਨ ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਨੇ ਇਸ ਕਾਂਡ ਲਈ ਆਪਣੇ ਕੱਟੜ ਵਿਰੋਧੀ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਘੇਰਨ ਲਈ ਦੋਸ਼ ਲਾਇਆ ਹੈ ਕਿ ਇਸ ਕੇਸ ਲਈ ਮੰਤਰੀ ਦੀ ਪਤਨੀ ਤੇ ਸਾਬਕਾ ਵਿਧਾਇਕਾ ਨਵਜੋਤ ਕੌਰ ਜ਼ਿੰਮੇਵਾਰ ਹਨ, ਜੋ ਉਸ ਦਿਨ ਸਮਾਗਮ ਮੁੱਖ ਮਹਿਮਾਨ ਸਨ। ਸਿੱਧੂ ਜੋੜੇ ਨੇ ਇਸ ਦਾ ਮੋੜਵਾਂ ਜਵਾਬ ਦਿੰਦੇ ਹੋਏ ਮਨੁੱਖੀ ਲਾਸ਼ਾਂ ਉੱਤੇ ਸਿਆਸਤ ਖੇਡਣ ਦੀ ਤਿੱਖੀ ਆਲੋਚਨਾ ਕੀਤੀ ਤੇ ਕਿਹਾ ਕਿ ਘਟਨਾ ਲਈ ਮੁੱਖ ਤੌਰ ਉਤੇ ਰੇਲਵੇ ਜ਼ਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਕੁਚਲਣ ਵਾਲੀ ਰੇਲ ਗੱਡੀ ਦੀ ਰਫ਼ਤਾਰ ਬਹੁਤ ਵੱਧ ਸੀ ਤੇ ਪਟੜੀ ਦੁਆਲੇ ਭਾਰੀ ਗਿਣਤੀ ਵਿਚ ਲੋਕ ਹੋਣ ਦੇ ਬਾਵਜੂਦ ਟਰੈਕ ਇੰਸਪੈਕਟਰ, ਗੈਂਗਮੈਨ ਜਾਂ ਗੇਟਮੈਨ ਸਮੇਤ ਕੋਈ ਰੇਲ ਕਰਮੀ ਓਥੇ ਨਹੀਂ ਸੀ। ਇਹ ਵੀ ਕਿਹਾ ਜਾ ਰਿਹਾ ਹੈ ਕਿ ਇਸ ਜਗ੍ਹਾ ਹੋਏ ਸਮਾਗਮ ਲਈ ਬਾਕਾਇਦਾ ਪ੍ਰਵਾਨਗੀ ਨਹੀਂ ਲਈ ਗਈ ਸੀ, ਪਰ ਸਰਕੂਲਰ ਤੋਂ ਸਾਫ਼ ਹੈ ਕਿ ਸ਼ਹਿਰ ਦਾ ਹਰ ਸੰਬੰਧਤ ਅਧਿਕਾਰੀ ਇਸ ਜਗ੍ਹਾ ਹੋ ਰਹੇ ਸਮਾਗਮ ਬਾਰੇ ਜਾਣੂ ਸੀ।

ਦੂਸਰੇ ਪਾਸੇ ਅੱਜ ਇੱਕ ਵਕੀਲ ਨੇ ਅੰਮ੍ਰਿਤਸਰ ਰੇਲ ਹਾਦਸੇ ਦੀ ਸੀ ਬੀ ਆਈ ਤੋਂ ਜਾਂਚ ਦੀ ਮੰਗ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਹੈ। ਐਡਵੋਕੇਟ ਦਿਨੇਸ਼ ਕੁਮਾਰ ਡਕੋਰੀਆ ਨੇ ਪਟੀਸ਼ਨ ਵਿੱਚ ਕਿਹਾ ਕਿ ਇਸ ਘਟਨਾ ਬਾਰੇ ਪੁਲੀਸ ਨੂੰ ਦਸਹਿਰੇ ਮੇਲੇ ਦੇ ਪ੍ਰਬੰਧਕਾਂ ਉਤੇ ਕੇਸ ਦਰਜ ਕਰਨਾ ਚਾਹੀਦਾ ਹੈ ਅਤੇ ਨਵਜੋਤ ਕੌਰ ਸਿੱਧੂ, ਪੰਜਾਬ ਸਰਕਾਰ, ਭਾਰਤੀ ਰੇਲਵੇ ਤੇ ਏਰੀਆ ਕੌਂਸਲਰ ਨੂੰ ਹਾਦਸੇ ਲਈ ਜ਼ਿੰਮੇਵਾਰ ਠਹਿਰਾਉਣਾ ਚਾਹੀਦਾ ਹੈ। ਇਸ ਤਰ੍ਹਾਂ ਦਾ ਇੱਕ ਕੇਸ ਬਿਹਾਰ ਵਿੱਚ ਵੀ ਕਰ ਦਿੱਤਾ ਗਿਆ ਹੈ।

ਓਧਰ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਅੰਮ੍ਰਿਤਸਰ ਰੇਲ ਹਾਦਸਾ ਕੇਸ ਵਿੱਚ ਅੱਜ ਰੇਲਵੇ ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਕਮਿਸ਼ਨ ਨੇ ਕਿਹਾ ਕਿ ਹਾਦਸੇ ਨੂੰ ਸਿਰਫ਼ ਲੋਕਾਂ ਦੀ ਗਲਤੀ ਨਹੀਂ ਕਿਹਾ ਜਾ ਸਕਦਾ, ਇਸ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੀ ਵੀ ਅਣਗਹਿਲੀ ਹੈ। ਕਮਿਸ਼ਨ ਦੇ ਬੁਲਾਰੇ ਨੇ ਕਿਹਾ ਕਿ ਕਮਿਸ਼ਨ ਨੇ ਪੰਜਾਬ ਦੇ ਮੁੱਖ ਸਕੱਤਰ ਤੇ ਰੇਲਵੇ ਬੋਰਡ ਦੇ ਚੇਅਰਮੈਨ ਨੂੰ ਇਸ ਬਾਰੇ ਚਾਰ ਹਫ਼ਤਿਆਂ ਅੰਦਰ ਵਿਸਥਾਰਤ ਰਿਪੋਰਟ ਦੇਣ ਲਈ ਕਿਹਾ ਹੈ।

# ਸੀ ਬੀ ਆਈ ਨੇ ਅਸਥਾਨਾ ਕੇਸ ਵਿੱਚ ਆਪਣਾ ਇੱਕ ਡੀ ਐਸ ਪੀ ਗ੍ਰਿਫ਼ਤਾਰ ਕੀਤਾ



ਨਵੀਂ ਦਿੱਲੀ, 22 ਅਕਤੂਬਰ, (ਪੋਸਟ ਬਿਊਰੋ)- ਭਾਰਤ ਦੀ ਸਭ ਤੋਂ ਵੱਡੀ ਜਾਂਚ ਏਜੰਸੀ ਸੀ ਬੀ ਆਈ ਨੇ ਅੱਜ ਆਪਣੇ ਵਿਸ਼ੇਸ ਡਾਇਰੈਕਟਰ ਅਤੇ ਏਜੰਸੀ ਵਿੱਚ ਨੰਬਰ ਦੋ ਰਹੇ ਰਾਕੇਸ਼ ਅਸਥਾਨਾ ਨਾਲ ਜੁੜੇ ਰਿਸ਼ਵਤ ਕੇਸ ਵਿੱਚ ਵਿਭਾਗ ਦੇ ਡੀ ਐਸ ਪੀ ਦੇਵਿੰਦਰ ਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਮੀਟ ਐਕਸਪੋਰਟਰ ਮੋਇਨ ਕੁਰੈਸ਼ੀ ਨਾਲ ਸਬੰਧਤ ਕੇਸ ਵਿੱਚ ਦੇਵਿੰਦਰ ਕੁਮਾਰ ਜਾਂਚ ਅਫਸਰ ਸਨ। ਉਨ੍ਹਾਂ ਨੂੰ ਸਤੀਸ਼ ਸਾਨਾ ਦੇ ਬਿਆਨ ਦਰਜ ਕਰਨ ਵਿੱਚ ਧੋਖਾਧੜੀ ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਕੇ ਦੋਸ਼ ਲਾਇਆ ਗਿਆ ਕਿ ਰਾਕੇਸ਼ ਅਸਥਾਨਾ ਦੀ ਅਗਵਾਈ ਵਾਲੀ ਜਾਂਚ ਟੀਮ ਨੇ ਸਨਾ ਦਾ ਬਿਆਨ 26 ਸਤੰਬਰ 2018 ਨੂੰ ਦਰਜ ਕੀਤਾ ਸੀ, ਪਰ ਸੀ ਬੀ ਆਈ ਜਾਂਚ ਤੋਂ ਪਤਾ ਲੱਗਾ ਹੈ ਕਿ ਉਸ ਦਿਨ ਮੀਟ ਕਾਰੋਬਾਰੀ ਮੋਇਨ ਕੁਰੈਸ਼ੀ ਹੈਦਰਾਬਾਦ ਵਿੱਚ ਸੀ। ਆਪਣੇ ਬਿਆਨ ਵਿੱਚ ਸਨਾ ਨੇ ਕਿਹਾ ਕਿ ਉਹ ਇਸ ਸਾਲ ਜੂਨ ਵਿੱਚ ਕੇਸ ਦੇ ਸੰਬੰਧ ਵਿੱਚ ਤੇਲਗੂ ਦੇਸਮ ਪਾਰਟੀ ਦੇ ਰਾਜ ਸਭਾ ਮੈਂਬਰ ਸੀ ਐਮ ਰਮੇਸ਼ ਨੂੰ ਮਿਲਿਆ ਸੀ, ਜਿਨ੍ਹਾਂ ਨੇ ਸੀ ਬੀ ਆਈ ਡਾਇਰੈਕਟਰ ਨਾਲ ਗੱਲ ਕਰ ਕੇ ਉਸ ਨੂੰ ਭਰੋਸਾ ਦਿੱਤਾ ਕਿ ਇਸ ਤੋਂ ਬਾਅਦ ਸੀ ਬੀ ਆਈ ਉਸ ਨੂੰ ਸੰਮਨ ਨਹੀਂ ਕਰੇਗੀ। ਉਸ ਨੇ ਕਿਹਾ, 'ਜੂਨ ਤੋਂ ਬਾਅਦ ਸੀ ਬੀ ਆਈ ਨੇ ਮੈਨੂੰ ਨਹੀਂ ਸੱਦਿਆ। ਮੈਂ ਸੋਚਿਆ ਕਿ ਮੇਰੇ ਖ਼ਿਲਾਫ਼ ਜਾਂਚ ਮੁਕੰਮਲ ਹੋ ਗਈ ਹੈ।'

ਅੱਜ ਇਸ ਕੇਸ ਵਿੱਚ ਸੀ ਬੀ ਆਈ ਨੇ ਦੋਸ਼ ਲਾਇਆ ਕਿ ਡੀ ਐਸ ਪੀ ਦੇਵਿੰਦਰ ਕੁਮਾਰ ਨੇ ਉਸ ਬਿਆਨ ਨੂੰ ਬਦਲਿਆ ਸੀ, ਜਿਸ ਨਾਲ ਸੀ ਬੀ ਆਈ ਡਾਇਰੈਕਟਰ ਆਲੋਕ ਵਰਮਾ ਦੇ ਖਿਲਾਫ਼ ਅਸਥਾਨਾ ਵੱਲੋਂ ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ ਵੀ ਸੀ) ਵਿੱਚ ਲਾਏ ਗਏ ਦੋਸ਼ਾਂ ਦੀ ਪੁਸ਼ਟੀ ਹੋ ਸਕੇ। ਅਧਿਕਾਰੀਆਂ ਨੇ ਦੱਸਿਆ ਕਿ ਏਜੰਸੀ ਅਸਥਾਨਾ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਦੇ ਹੋਰ ਮੈਂਬਰਾਂ ਦੀ ਭੂਮਿਕਾ ਦੀ ਜਾਂਚ ਵੀ ਕਰ ਰਹੀ ਹੈ। ਏਜੰਸੀ ਨੇ ਅਸਥਾਨਾ ਉਤੇ ਰਿਸ਼ਵਤ ਦਾ ਕੇਸ ਦਰਜ ਕੀਤਾ ਹੋਇਆ ਹੈ, ਜਦ ਕਿ ਰਾਕੇਸ਼ ਅਸਥਾਨਾ ਨੇ 24 ਅਗਸਤ 2018 ਨੂੰ ਸੀ ਬੀ ਆਈ ਦੇ ਡਾਇਰੈਕਟਰ ਵਰਮਾ ਖਿਲਾਫ਼ ਪਹਿਲਾਂ ਹੀ ਸ਼ਿਕਾਇਤ ਕਰ ਦਿੱਤੀ ਸੀ ਕਿ ਉਨ੍ਹਾਂ ਨੇ ਸਾਨਾ ਨੂੰ ਛੋਟ ਦੇਣ ਲਈ ਉਸ ਤੋਂ ਦੋ ਕਰੋੜ ਰੁਪਏ ਰਿਸ਼ਵਤ ਲਈ ਸੀ। ਸੀ ਬੀ ਆਈ ਨੇ ਬੀਤੇ ਦਿਨੀਂ ਦਵਿੰਦਰ ਕੁਮਾਰ ਦੇ ਦਫ਼ਤਰ ਤੇ ਘਰ ਦੀ ਤਲਾਸ਼ੀ ਲਈ ਸੀ, ਜਿੱਥੋਂ ਮਿਲੇ ਫੋਨ ਅਤੇ ਦੀ ਜਾਂਚ ਕੀਤੀ ਜਾ ਰਹੀ ਹੈ।

ਇਸ ਦੌਰਾਨ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਦੋਸ਼ ਲਾਇਆ ਹੈ ਕਿ ਨਰਿੰਦਰ ਮੋਦੀ ਦੇ ਰਾਜ ਵਿੱਚ ਸੀ ਬੀ ਆਈ ਨੂੰ ਰਾਜਨੀਤਕ ਬਦਲਾਖੋਰੀ ਲਈ ਵਰਤਿਆ ਜਾਣ ਕਾਰਨ ਜਾਂਚ ਏਜੰਸੀ ਵਿੱਚ ਅੰਦਰੂਨੀ ਜੰਗ ਚੱਲ ਪਈ ਹੈ। ਉਨ੍ਹਾਂ ਟਵੀਟ ਕਰ ਕੇ ਕਿਹਾ, 'ਪ੍ਰਧਾਨ ਮੰਤਰੀ ਦਾ ਨੀਲੀਆਂ ਅੱਖਾਂ ਵਾਲਾ ਲੜਕਾ, ਗੋਧਰਾ ਵਿਸ਼ੇਸ਼ ਜਾਂਚ ਟੀਮ ਤੋਂ ਚਰਚਾ ਵਿੱਚ ਆਇਆ ਗੁਜਰਾਤ ਕੇਡਰ ਦਾ ਅਫਸਰ ਸੀ ਬੀ ਆਈ ਵਿੱਚ ਨੰਬਰ 2 ਵਜੋਂ ਆਇਆ ਤੇ ਰਿਸ਼ਵਤ ਲੈਂਦਾ ਫਸ ਗਿਆ ਹੈ।' ਇਸ ਦੇ ਨਾਲ ਰਾਹੁਲ ਗਾਂਧੀ ਨੇ ਮੇਹੁਲ ਚੌਕਸੀ ਨਾਲ ਸਬੰਧਾਂ ਕਾਰਨ ਵਿੱਤੀ ਮੰਤਰੀ ਅਰੁਣ ਜੇਤਲੀ ਨੂੰ ਕੱਢਣ ਦੀ ਮੰਗ ਵੀ ਕੀਤੀ ਤੇ ਦੋਸ਼ ਲਾਇਆ ਕਿ ਜੇਤਲੀ ਦੀ ਧੀ ਮੇਹੁਲ ਚੌਕਸੀ ਕੋਲ ਕੰਮ ਕਰਦੀ ਸੀ, ਜਿਹੜਾ ਪੰਜਾਬ ਨੈਸ਼ਨਲ ਬੈਂਕ ਘੁਟਾਲੇ ਦਾ ਮੁੱਖ ਦੋਸ਼ੀ ਹੈ। ਜਾਂਚ ਦੌਰਾਨ ਉਸ ਕੁੜੀ ਦੇ ਪਿਤਾ ਨੇ ਚੋਕਸੀ ਦੀ ਫਾਈਲ ਦੱਬੀ ਅਤੇ ਚੋਕਸੀ ਨੂੰ ਭੱਜਣ ਦਾ ਰਾਹ ਦਿੱਤਾ ਸੀ।

## ਅਗਵਾ ਕਾਂਡ ਦੇ ਦੋਸ਼ੀ ਨਿਸ਼ਾਨ ਸਿੰਘ ਦੀ ਜ਼ਮੀਨ ਨਿਲਾਮ ਕਰਨ ਦਾ ਰਾਹ ਸਾਫ



ਫ਼ਰੀਦਕੋਟ, 22 ਅਕਤੂਬਰ, (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ 2012 ਵਿਚ ਵਾਪਰੇ ਬਹੁ-ਚਰਚਿਤ ਅਗਵਾ ਕਾਂਡ ਦੇ ਪੀੜਤ ਪਰਿਵਾਰ ਨੂੰ ਹਾਈ ਕੋਰਟ ਦੇ ਹੁਕਮ ਉੱਤੇ 90 ਲੱਖ ਰੁਪਏ ਦੀ ਮੁਆਵਜ਼ਾ ਰਾਸ਼ੀ ਦਿਵਾਉਣ ਲਈ ਮੁੱਖ ਦੋਸ਼ੀ ਨਿਸ਼ਾਨ ਸਿੰਘ ਦੀ ਜਾਇਦਾਦ 29 ਅਕਤੂਬਰ ਨੂੰ ਨਿਲਾਮ ਕੀਤੀ ਜਾਵੇਗੀ। ਨਿਸ਼ਾਨ ਸਿੰਘ ਨੂੰ ਫ਼ਰੀਦਕੋਟ ਦੇ ਇਸ ਬਦਨਾਮ ਅਗਵਾ ਕਾਂਡ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਪੰਜਾਬ ਹਰਿਆਣਾ ਹਾਈ ਕੋਰਟ ਨੇ ਨਿਸ਼ਾਨ ਸਿੰਘ ਅਤੇ ਉਸ ਦੇ ਪੰਜ ਸਾਥੀ ਦੋਸ਼ੀਆਂ ਦੀਆਂ ਅਪੀਲਾਂ 31 ਅਗਸਤ ਨੂੰ ਰੱਦ ਕਰ ਦਿੱਤੀਆਂ ਅਤੇ ਜਸਟਿਸ ਦਯਾ ਚੌਧਰੀ ਤੇ ਜਸਟਿਸ ਇੰਦਰਜੀਤ ਸਿੰਘ ਦੇ ਬੈਂਚ ਨੇ ਪੀੜਤ ਲੜਕੀ ਦੇ ਪਿਤਾ ਦੀ ਰਿੱਟ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਫ਼ੈਸਲਾ ਦਿੱਤਾ ਸੀ ਕਿ ਨਿਸ਼ਾਨ ਸਿੰਘ ਅਤੇ ਉਸ ਦੀ ਮਾਂ ਨਵਜੋਤ ਕੌਰ ਦੀ ਸੰਪਤੀ ਨੀਲਾਮ ਕਰ ਕੇ ਪੀੜਤ ਲੜਕੀ, ਉਸ ਦੀ ਮਾਂ ਅਤੇ ਪਿਤਾ ਨੂੰ ਮੁਆਵਜ਼ੇ ਵਜੋਂ 90 ਲੱਖ ਰੁਪਏ ਦਸ ਹਫ਼ਤੇ ਵਿੱਚ ਅਦਾ ਕੀਤੇ ਜਾਣ। ਹਾਈ ਕੋਰਟ ਨੇ ਫਰੀਦਕੋਟ ਦੇ ਡਿਪਟੀ ਕਮਿਸ਼ਨਰ ਨੂੰ ਆਦੇਸ਼ ਦਿੱਤੇ ਸਨ ਕਿ ਨਿਸ਼ਾਨ ਸਿੰਘ ਅਤੇ ਉਸ ਦੀ ਮਾਂ ਦੀ ਜਾਇਦਾਦ ਦੀ ਪਛਾਣ ਕਰ ਕੇ ਨੀਲਾਮ ਕੀਤੀ ਜਾਵੇ। ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਦੀਆਂ ਹਦਾਇਤਾਂ ਉਤੇ ਮਾਲ ਵਿਭਾਗ ਨੇ ਨਿਸ਼ਾਨ ਸਿੰਘ ਦੀ 35 ਕਨਾਲ ਵਾਹੀ ਯੋਗ ਜ਼ਮੀਨ ਤੇ 12 ਕਨਾਲ ਸ਼ਹਿਰੀ ਜ਼ਮੀਨ ਦੀ ਪਛਾਣ ਕਰ ਕੇ ਉਸ ਦੀ ਕੁਰਕੀ ਕਰਵਾ ਦਿੱਤੀ ਅਤੇ 29 ਅਕਤੂਬਰ ਨੂੰ ਬਾਕੀ ਜਾਇਦਾਦ ਦੀ ਨਿਲਾਮੀ ਦਾ ਸਮਾਂ ਤੈਅ ਕਰ ਕੇ ਆਮ ਜਨਤਾ ਨੂੰ ਜ਼ਮੀਨ ਦੀ ਜਨਤਕ ਨੀਲਾਮੀ ਦਾ ਖੁੱਲ੍ਹਾ ਸੱਦਾ ਦਿੱਤਾ ਹੈ।

ਚੀਫ਼ ਜੁਡੀਸ਼ਲ ਮੈਜਿਸਟਰੇਟ ਫਰੀਦਕੋਟ ਨੇ ਨਿਸ਼ਾਨ ਸਿੰਘ ਦੀ ਮਾਂ ਨਵਜੋਤ ਕੌਰ ਤੇ ਉਸ ਦੇ ਕਰੀਬੀ ਰਿਸ਼ਤੇਦਾਰ ਡਿੰਪੀ ਸਮਰਾ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤੇ ਹਨ। ਫ਼ਰੀਦਕੋਟ ਅਗਵਾ ਕਾਂਡ ਵਿੱਚ ਇਨ੍ਹਾਂ ਨੂੰ 7-7 ਸਾਲ ਕੈਦ ਹੋਈ ਸੀ, ਜਿਸ ਦੇ ਖਿਲਾਫ਼ ਇਨ੍ਹਾਂ ਨੇ ਹਾਈ ਕੋਰਟ ਵਿੱਚ ਅਪੀਲ ਕੀਤੀ ਸੀ ਤੇ ਇਸ ਦੌਰਾਨ ਦੋਵਾਂ ਨੂੰ ਹਾਈ ਕੋਰਟ ਨੇ ਜ਼ਮਾਨਤ 'ਤੇ ਛੱਡਿਆ ਸੀ। 31 ਅਗਸਤ ਨੂੰ ਅਪੀਲਾਂ ਰੱਦ ਹੋਣ ਪਿੱਛੋਂ ਜੇਲ੍ਹ ਵਿਭਾਗ ਨੇ ਚੀਫ਼ ਜੁਡੀਸ਼ਲ ਮੈਜਿਸਟਰੇਟ ਨੂੰ ਲਿਖਤੀ ਸੂਚਨਾ ਦਿੱਤੀ ਹੈ ਕਿ ਨਵਜੋਤ ਕੌਰ ਤੇ ਡਿੰਪੀ ਸਮਰਾ ਜੇਲ੍ਹ ਦੇ ਰਿਕਾਰਡ ਮੁਤਾਬਿਕ ਜ਼ਮਾਨਤ ਉੱਪਰ ਹਨ। ਬਾਕੀ ਰਹਿੰਦੀ ਸਜ਼ਾ ਪੂਰੀ ਕਰਨ ਲਈ ਚੀਫ਼ ਜੁਡੀਸ਼ਲ ਮੈਜਿਸਟਰੇਟ ਨੇ ਉਨ੍ਹਾਂ ਦੋਵਾਂ ਨੂੰ ਗ੍ਰਿਫ਼ਤਾਰ ਕਰਨ ਦੇ ਹੁਕਮ ਦਿੱਤੇ ਹਨ ਅਤੇ ਇਸ ਗ੍ਰਿਫ਼ਤਾਰੀ ਵਾਰੰਟ ਸਿਟੀ ਪੁਲੀਸ ਫਰੀਦਕੋਟ ਨੂੰ ਭੇਜ ਦਿੱਤੇ ਗਏ ਹਨ।

# ਲਾੜੇ ਨੇ ਦਾਜ ਵਿੱਚ ਬਾਈਕ ਮੰਗੀ, ਲਾੜੀ ਵਾਲਿਆਂ ਨੇ ਬੁਰਾ ਹਾਲ ਕਰ ਦਿੱਤਾ

ਲਖਨਊ, 22 ਅਕਤੂਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਵਿਚ ਦਾਜ ਦੇ ਵਿਵਾਦ ਵਿਚ ਲਾੜੇ ਤੇ ਬਾਰਾਤੀਆਂ ਨੂੰ ਬੰਦੀ ਬਣਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਲਾੜੇ ਨੇ ਦਾਜ ਵਿਚ ਮੋਟਰਸਾਈਕਲ ਅਤੇ ਸੋਨੇ ਦੀ ਚੇਨ ਮੰਗੀ ਸੀ, ਮੰਗ ਪੂਰੀ ਨਾ ਹੋਣ ਉੱਤੇ ਲਾੜੇ ਨੇ ਵਿਆਹ ਤੋਂ ਇਨਕਾਰ ਕਰ ਦਿੱਤਾ। ਇਸ ਗੱਲ 'ਤੇ ਨਾਰਾਜ਼ ਲੜਕੀ ਵਾਲਿਆਂ ਨੇ ਲੜਕੇ ਨੂੰ ਬੰਦੀ ਬਣਾ ਲਿਆ, ਜਿਸ ਤੋਂ ਬਾਅਦ ਉਸ ਦਾ ਸਿਰ ਮੁੰਨ ਦਿੱਤਾ ਗਿਆ।

ਮਿਲੀ ਜਾਣਕਾਰੀ ਮੁਤਾਬਕ ਲੜਕੀ ਦੇ ਪਿਤਾ ਸਬਜ਼ੀ ਵੇਚਣ ਦਾ ਕੰਮ ਕਰਦੇ ਹਨ। ਉਹ ਮੂਲ ਰੂਪ ਤੋਂ ਬਾਰਾਬੰਕੀ ਦੇ ਰਹਿਣ ਵਾਲੇ ਹਨ। ਉਨ੍ਹਾਂ ਨੇ ਆਪਣੀ ਬੇਟੀ ਦੀ ਰਿਸ਼ਤਾ ਬਾਰਾਬੰਕੀ ਦੇ ਰਹਿਣ ਵਾਲੇ ਅਬਦੁੱਲ ਕਲਾਮ ਨਾਲ ਤੈਅ ਕੀਤਾ ਸੀ। ਲੜਕੀ ਦੇ ਪਿਤਾ ਦਾ ਦੋਸ਼ ਹੈ ਕਿ ਵਿਆਹ ਤੋਂ ਹਫਤਾ ਪਹਿਲਾਂ ਲੜਕੇ ਵਾਲਿਆਂ ਨੇ ਮੰਗਾਂ ਵਧਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਨ੍ਹਾਂ ਨੇ ਸਾਰੀਆਂ ਮੰਗਾਂ ਪੂਰੀਆਂ ਕਰਨ ਦੀ ਕੋਸ਼ਿਸ਼ ਕੀਤੀ। ਬਾਰਾਤ ਵਾਲੇ ਦਿਨ ਲਾੜੇ ਨੇ ਦਾਜ ਦਾ ਸਾਮਾਨ ਦੇਖਿਆ ਤਾਂ ਪਲਸਰ ਬਾਈਕ ਦੇਖ ਕੇ ਕਹਿਣ ਲੱਗਾ ਕਿ ਉਸ ਨੂੰ ਇਹ ਨਹੀਂ, ਅਪਾਚੇ ਬਾਈਕ ਚਾਹੀਦੀ ਹੈ। ਇਹੀ ਨਹੀਂ, ਉਸ ਨੇ ਸੋਨੇ ਦੀ ਚੇਨ ਦੀ ਵੀ ਮੰਗ ਕੀਤੀ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੇ ਮੰਗ ਪੂਰੀ ਕਰਨ ਵਿਚ ਅਸਮਰੱਥਾ ਜਤਾਈ ਤਾਂ ਲਾੜਾ ਬਾਰਾਤ ਵਾਪਸ ਲੈ ਕੇ ਜਾਣ ਦੀ ਧਮਕੀ ਦੇਣ ਲੱਗ ਪਿਆ ਸੀ।

ਇਸ ਦੌਰਾਨ ਵਿਵਾਦ ਵਧ ਗਿਆ ਅਤੇ ਲਾੜਾ ਅਤੇ ਬਾਰਾਤੀ ਸ਼ਰਾਬ ਦੇ ਨਸ਼ੇ ਵਿਚ ਹੰਗਾਮਾ ਕਰਨ ਲੱਗੇ। ਉਨ੍ਹਾਂ ਨੂੰ ਕਾਫੀ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ, ਪਰ ਉਹ ਨਹੀਂ ਮੰਨੇ। ਇਸ ਤੋਂ ਬਾਅਦ ਲੜਕੀ ਪੱਖ ਵੀ ਨਾਰਾਜ਼ ਹੋ ਗਿਆ ਤੇ ਵਿਆਹ ਕੀਤੇ ਬਿਨਾਂ ਜਾਣ 'ਤੇ ਨਤੀਜੇ ਭੁਗਤਣ ਦੀ ਚਿਤਾਵਨੀ ਦੇ ਦਿੱਤੀ। ਓਦੋਂ ਤੱਕ ਮੁਹੱਲੇ ਦੇ ਲੋਕ ਇਕੱਠੇ ਹੋ ਗਏ। ਹਾਲਾਤ ਵਿਗੜ ਗਏ ਤਾਂ ਬਾਰਾਤੀਆਂ ਨੇ ਦੌੜਨ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਲਾੜਾ ਤੇ ਉਸ ਦਾ ਭਰਾ ਦੌੜਨ ਲੱਗੇ ਤਾਂ ਉਨ੍ਹਾਂ ਨੂੰ ਬੰਦੀ ਬਣਾ ਲਿਆ। ਫਿਰ ਭੀੜ ਨੇ ਲਾੜੇ ਸਮੇਤ 4 ਜਣਿਆਂ ਦੇ ਸਿਰ ਮੁੰਨ ਦਿੱਤੇ। ਇਸ ਪਿੱਛੋਂ ਲੜਕੀ ਪੱਖ ਨੇ ਲਾੜੇ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ। ਲਾੜੇ ਅਬਦੁੱਲ ਕਲਾਮ ਦਾ ਕਹਿਣਾ ਹੈ ਕਿ ਮੈਂ ਕੋਈ ਮੰਗ ਹੀਂ ਨਹੀਂ ਕੀਤੀ ਸੀ।

## ਚੰਦਰਮਾ ਤੋਂ ਡਿੱਗਾ ਟੋਟਾ ਸਾਢੇ ਬਾਰਾਂ ਹਜ਼ਾਰ ਡਾਲਰ ਦਾ ਵਿਕਿਆ

ਬੋਸਟਨ, 22 ਅਕਤੂਬਰ (ਪੋਸਟ ਬਿਊਰੋ)- ਚੰਦਰਮਾ ਤੋਂ ਧਰਤੀ ਉੱਤੇ ਡਿੱਗਿਆ ਇਕ ਦੁਰਲੱਭ ਪਿੰਡ ਅਮਰੀਕਾ ਵਿੱਚ ਇਕ ਨਿਲਾਮੀ ਵਿੱਚ ਛੇ ਲੱਖ 12 ਹਜ਼ਾਰ 500 ਡਾਲਰ ਦਾ ਵਿੱਕਿਆ।

ਮਿਲੀ ਜਾਣਕਾਰੀ ਅਨੁਸਾਰ 5.5 ਕਿਲੋਗ੍ਰਾਮ ਵਜ਼ਨ ਦਾ ਇਹ ਪਿੰਡ ਜਾਂ ਪੱਥਰ ਛੇ ਟੁੱਕੜਿਆਂ ਤੋਂ ਮਿਲ ਕੇ ਬਣਿਆ ਹੈ, ਜਿਨ੍ਹਾਂ ਨੂੰ ਕਿਸੇ ਰਹੱਸਮਈ ਪਹੇਲੀ ਦੀ ਤਰ੍ਹਾਂ ਇਕ ਦੂਸਰੇ ਨਾਲ ਜੋੜ ਕੇ ਰੱਖਿਆ ਗਿਆ ਹੈ। 'ਬੁਆਗਬਾ' ਜਾਂ 'ਮੂਨ ਪਜ਼ਲ' ਦੇ ਨਾਂ ਨਾਲ ਚਰਚਿਤ ਇਸ ਉਲਕਾ ਪਿੰਡ ਨੂੰ ਵਿਗਿਆਨਕਾਂ ਨੇ ਐਨ ਡਬਲਯੂ ਏ 11789 ਨਾਂ ਦਿੱਤਾ ਹੈ। ਇਸ ਨੂੰ ਪਿਛਲੇ ਸਾਲ ਅਫਰੀਕਾ ਦੇ ਰੇਗਿਸਤਾਨ ਵਿੱਚ ਖੋਜਿਆ ਗਿਆ ਸੀ। ਮੰਨਿਆ ਜਾਂਦਾ ਹੈ ਕਿ ਬਹੁਤ ਪਹਿਲੇ ਕਿਸੇ ਉਲਕਾ ਪਿੰਡ ਦੀ ਟੱਕਰ ਦੇ ਕਾਰਨ ਇਹ ਚੰਦਰਮਾ ਤੋਂ ਅਲੱਗ ਹੋ ਗਿਆ ਹੋਵੇਗਾ। ਇਸ ਦੇ ਬਾਅਦ ਉਹ 3,84,400 ਕਿਲੋਮੀਟਰ ਦੀ ਦੂਰੀ ਅਤੇ ਧਰਤੀ ਦੇ ਵਾਯੂਮੰਡਲੀ ਤਾਪ ਪਾਰ ਕਰ ਕੇ ਉਤਰ ਪੱਛਮੀ ਅਫਰੀਕਾ ਦੇ ਰੇਗਿਸਤਾਨ ਵਿੱਚ ਆ ਡਿੱਗਿਆ। ਇਹ ਪੁਲਾੜ ਦਾ ਪਿੰਡ ਅੱਜ ਤੱਕ ਦਾ ਸਭ ਤੋਂ ਵੱਡਾ ਚੰਦ ਦਾ ਟੁੱਕੜਾ ਹੈ। ਨਿਲਾਮੀ ਸੰਸਥਾ ਆਰ ਆਰ ਆਕਸ਼ਨ ਅਨੁਸਾਰ ਇਸ ਅਦਭੁੱਤ ਪਿੰਡ ਨੂੰ ਵੀਅਤਨਾਮ ਦੇ ਟੈਮ ਚੁਕ ਪੈਗੋਡਾ ਕੰਪਲੈਕਸ ਨੇ ਸਭ ਤੋਂ ਜ਼ਿਆਦਾ ਬੋਲੀ ਲਗਾ ਕੇ ਖਰੀਦਿਆ।

Paramjit Deol Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca

Your neighborhood broker, Call Paramjit Deol Today

BRAMPTON $89,000 — Photo Not Available
Kennedy Rd N/Vodden St E: ਬਹੁਤ ਹੀ ਵਧੀਆ ਚਲ ਰਿਹਾ ਬਿਜਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੈਫਿਕ ਫਲੋ। ਬਹੁਤ ਹੀ ਘੱਟ ਰੈਂਟ ਸਿਰਫ $3,500 ਅਤੇ ਸੇਲ $35,000 ਪ੍ਰਤੀ ਮਹੀਨਾ, 5 ਹੇਅਰ ਕਟਿੰਗ ਸਟੇਸ਼ਨ, 2 ਵਾਸ਼ ਸਟੇਸ਼ਨ, ਲੇਜ਼ਰ, ਵੈਕਸਿੰਗ,ਵੇਡਿੰਗ ਮੇਕਅਪ ਤੇ ਹੋਰ ਵੀ ਬਹੁਤ ਕੁਝ।

HAMILTON $25/Sq Ft.
135 James St N: ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ, ਜੈਕਸਨ ਸੁਕੇਅਰ ਦੇ ਨੇੜੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੌਂ। ਬਹੁਤ ਹੀ ਵਡਾ ਮੇਨ ਫਲੋਰ । 7,900 ਸੁਕੇਅਰ ਫੁੱਟ ਕੋਮਰਸੀਅਲ ਸਪੇਸ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ।

BRAMPTON $2,500
85 Calderstone Rd : ਬਹੁਤ ਹੀ ਵਧੀਆ ਲੋਕੇਸ਼ਨ ਤੇ 4 ਬੈਡਰੂਮ ਅਤੇ 4 ਵਾਸ਼ਰੂਮ ਦਾ ਡਿਟੈਚ ਡਬਲ ਸਟੋਰੀ ਘਰ ਲੀਜ਼ ਲਈ । ਮਾਡਰਨ ਕਿਚਨ, ਪਿਛਲੇ ਸਾਲ ਹੀ ਰੈਨੋਵੇਟਿਡ ਕੀਤਾ ਹੋਇਆ, 3 ਕਾਰਾਂ ਦੀ ਪਾਰਕਿੰਗ, ਗੋ ਸਟੇਸ਼ਨ, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $54,900
255B Rutherford Rd S 06: ਵਧੀਆ ਚਲ ਰਿਹਾ ਬਿਜ਼ਨਸ, ਕਾਰੋਬਾਰ ਸ਼ੁਰੂ ਕਰਨ ਦਾ ਵਧੀਆ ਮੌਕਾ। ਬਹੁਤ ਹੀ ਘੱਟ ਰੈਂਟ ਅਤੇ ਸੇਲ $25,000 ਪ੍ਰਤੀ ਮਹੀਨਾ। 4 ਅਲਾਇੰਨਮੈਂਟ ਸਪੋਟਸ, ਏਅਰ ਕੰਪਰੈਸਰ, ਟਾਇਰ ਚੇਨਜਰ, ਵੀਲ ਬੈਲੇਂਸਰ, ਹੋਰ ਵੀ ਬਹੁਤ ਕੁਝ।

BRAMPTON $249,000 — Photo Not Available
10725 Mclaughlin Rd. N: ਬਹੁਤ ਹੀ ਵਧੀਆ ਚਲ ਰਹੀ ਪਿਜਾ ਸ਼ਾਪ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $12000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ $4160/ਮਹੀਨਾ। ਹਾਈ ਟਰੇਫਿਕ ਫਲੌਂ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰ ਸਕਦੇ ਹੋ।

PICKERING $59,000
1211 Kingston Rd E 14: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚੱਲ ਰਿਹਾ ਰੈਸਟੋਰੈਂਟ ਵਿਕਾਊ ਹੈ, ਪਰਾਈਮ ਲੋਕੇਸ਼ਨ ਅਤੇ ਵਧੀਆ ਸੇਲ। $20,000 ਤੋਂ ਵੱਧ ਸੇਲ। ਬਹੁਤ ਹੀ ਘੱਟ ਰੈਂਟ ਸਿਰਫ । ਹਾਈ ਟਰੇਫਿਕ ਫਲੌਂ, ਅੱਜ ਹੀ ਕਾਲ ਕਰੋ।

BRAMPTON $541,800
Hwy 10/Bovarid: ਬਹੁਤ ਹੀ ਵਧੀਆ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਡਬਲ ਸਟੋਰੀ ਕਾਂਡੋ ਟਾਊਨ ਹਾਊਸ, ਕੁਆਰਟਜ਼ ਕਾਉਂਟਰ ਟਾਪ ਤੇ ਬੈਕਸਪਲੈਸ਼, ਸਾਰੀਆਂ ਸਹੂਲਤਾਂ ਦੇ ਨੇੜੇ ਜਿਵੇਂ ਬੱਸ ਸਟਾਪ, ਪਾਰਕ, ਸਕੂਲ ਆਦਿ।

AJAX $169,900 — Photo Not Available
44 Hardwood Ave : ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ। ਬਹੁਤ ਹੀ ਵਧੀਆ ਚਲ ਰਿਹਾ ਰੇਸਟੋਰੈਂਟ ਵਿਕਾਊ ਹੈ। ਇਹ ਰੇਸਟੋਰੈਂਟ ਪਿਛਲੇ 10 ਸਾਲਾਂ ਤੋ ਚਲ ਰਿਹਾ ਹੈ। ਬਹੁਤ ਹੀ ਬਿਜੀ ਪਲਾਜਾ ਅਤੇ ਆਮਦਨ $25,000/ਮਹੀਨਾ।

KITCHENER $369,999
Ottawa/Starasburg: ਬਹੁਤ ਹੀ ਵਧੀਆ ਲੋਕੇਸ਼ਨ ਤੇ, 3+1 ਬੈਡਰੂਮ ਤੇ 4 ਵਾਸ਼ਰੂਮ ਦਾ ਟਾਊਨ ਹਾਊਸ, ਵਧੀਆ ਰੌਸ਼ਨੀ, ਸਾਰੀਆਂ ਸਹੂਲਤਾਂ ਦੇ ਨੇੜੇ।

TORONTO $508,775
Don Mills/Sheppard : ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ ਬਣਿਆ 3 ਬੈਡਰੂਮ ਅਤੇ 2 ਵਾਸ਼ਰੂਮ ਦਾ ਕਾਂਡੋ ਅਪਾਰਟਮੈਂਟ । ਮਾਡਰਨ ਕਿਚਨ, ਸਟੇਨਲੈਸ ਸਟੀਲ ਅਪਲਾਂਇੰਸਸ, ਹਾਇਵੇ 401, ਸ਼ਾਪਿੰਗ ਪਲਾਜ਼ਾ, ਮਾਲ ਆਦਿ ਸਹੂਲਤਾਂ ਦੇ ਨੇੜੇ।

BRAMPTON $629,000
60 Lacoste Blvd.: ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, 6 ਆਫਿਸ, ਇਕ ਬੋਰਡਰੂਮ, ਰਿਸੈਪਸ਼ਨ ਅਤੇ ਆਫਿਸ ਐਡਮਿਨ ਲਈ ਥਾਂ ਸੇਲ ਤੇ। ਕੁਲ 1,524 ਸਕੇਅਰ ਫੁੱਟ ਥਾਂ ਵਿਕਾਊ ਹੈ।

TORONTO $825,000
Lawrence & Valia Rd.: ਬਹੁਤ ਹੀ ਸੋਹਣਾ 4 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਘਰ, ਹਾਈ ਡਿਮਾਂਡ ਏਰੀਆ, ਮਾਡਰਨ ਕਿਚਨ, ਬੈਕ-ਸਪਲੈਸ਼ ਫਿਨਿਸ਼ਡ ਬੇਸਮੈਂਟ, ਹਾਰਡਵੂਡ ਫਲੋਰ, ਆਦਿ ਸਹੂਲਤਾਂ ਦੇ ਨੇੜੇ ।

BRAMPTON $179,000 — Photo Not Available
384 Yonge St.11 : ਬਹੁਤ ਹੀ ਵਧੀਆ ਲੋਕੇਸ਼ਨ ਤੇ, ਬਿਜਨਸ ਸ਼ੁਰੂ ਕਰਨ ਦਾ ਵਧੀਆ ਮੌਕਾ। ਹਾਈ ਟਰੇਫਕ ਫਲੌਂ। ਇੰਡੋਰ ਰਿਟੇਲ ਸ਼ਾਪ, ਨਵਾਂ ਸਬਵੇ ਬਣਨ ਵਾਲੇ ਦੇ ਨੇੜੇ, ਹਾਰਡਵੂਡ ਫਲੋਰ, ਅਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ ।

TORONTO $944,000
Keele / Finch/York Univeristy: ਬਹੁਤ ਹੀ ਸੋਹਣਾ 7+3 ਬੈਡਰੂਮ ਅਤੇ 11 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ, ਬਹੁਤ ਸਾਰੇ ਅਪਗਰੇਡਜ਼, ਬਹੁਤ ਹੀ ਵਧੀਆ ਲੋਕੇਸ਼ਨ, ਹਾਈ ਡਿਮਾਂਡ ਏਰੀਆ, ਰਿਟੇਲ ਇਨਕਮ $6400, ਪਹਿਲੀ ਵਾਰ ਘਰ ਖਰੀਦਣ ਵਾਲਿਆਂ ਲਈ, ਜਰੂਰ ਦੇਖੋ !!

BRAMPTON $849,000
Bramalea Rd/Markham St: ਬਹੁਤ ਹੀ ਸਾਫ ਸੁਥਰਾ 4+1 ਬੈਡਰੂਮ, 4 ਵਾਸ਼ਰੂਮ ਦਾ ਡਿਟੈਚਡ ਡਬਲ ਸਟੋਰੀ ਘਰ, ਪੋਟ ਲਾਇਟਿੰਗ, ਹਾਰਡਵੂਡ ਫਲੋਰ, ਰੈਨੋਵੇਟਡ ਬੈਸਮੈਂਟ ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਸਹੂਲਤਾਂ ਦੇ ਨੇੜੇ।

CALEDON $1,009,999
Mayfield & McVeen : ਬਹੁਤ ਹੀ ਵਧੀਆ 3+1 ਬੈਡਰੂਮ ਅਤੇ 3 ਵਾਸ਼ਰੂਮ ਦਾ ਡਿਟੈਚਡ ਬੰਗਲੋ, ਫੂਲੀ ਅਪਗ੍ਰੇਡਡ, ਹਾਰਡਵੂਡ ਫਲੋਰ, ਫਿਨੀਸ਼ਡ ਬੇਸਮੈਂਟ, ਬਹੁਤ ਹੀ ਵਡਾ ਗਰਾਜ, ਆਦਿ ਸਹੂਲਤਾਂ ਦੇ ਨੇੜੇ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.
Seema Bhayana
iccrc

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

"Quality is our strength."

SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Daljit Singh President
308 Rutherford Road Brampton
905-874-9878
Inderjit Singh
Skydome Emission & Alignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton. Tel: 905-460-1414
HEAD OFFICE: 905-874-9878
Toll Free: 1-877-799-9878. www.skydomeauto.ca

# ਚੌਟਾਲਾ ਪਰਿਵਾਰ ਦਾ ਰੱਫੜ ਵਧਿਆ, ਨੋਟਿਸ ਜਾਰੀ ਹੋਣ ਲੱਗੇ

## * ਪੋਤੇ ਨੇ ਕਿਹਾ: 'ਨੋਟਿਸ ਦੀ ਭਾਸ਼ਾ ਚੌਟਾਲਾ ਸਾਹਿਬ ਦੀ ਨਹੀਂ ਲੱਗੀ



ਸਰਸਾ, 22 ਅਕਤੂਬਰ (ਪੋਸਟ ਬਿਊਰੋ)- ਹਿਸਾਰ ਦੇ ਪਾਰਲੀਮੈਂਟ ਦੁਸ਼ਯੰਤ ਚੌਟਾਲਾ ਦਾ ਕਹਿਣਾ ਹੈ ਕਿ ਇਨੈਲੋ ਦੇ ਮੁਖੀ ਓਮ ਪ੍ਰਕਾਸ਼ ਚੌਟਾਲਾ ਵੱਲੋਂ ਉਨ੍ਹਾਂ ਨੂੰ ਦਿੱਤੇ ਗਏ ਨੋਟਿਸ ਦੇ ਜਵਾਬ ਵਿੱਚ ਉਨ੍ਹਾਂ ਨੇ ਆਪਣਾ ਪੱਖ ਰੱਖਿਆ ਹੈ, ਪਰ ਜਿਸ ਤਰ੍ਹਾਂ ਉਨ੍ਹਾਂ ਨੂੰ ਦਿੱਤੇ ਗਏ ਨੋਟਿਸ ਵਿੱਚ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਉਸ ਤੋਂ ਸ਼ਾਇਦ ਉਨ੍ਹਾਂ ਨੂੰ ਇਹ ਲੱਗਦਾ ਹੈ ਕਿ ਇਹ ਨੋਟਿਸ ਓਮ ਪ੍ਰਕਾਸ਼ ਚੌਟਾਲਾ ਨੇ ਨਾ ਲਿਖਿਆ ਹੋਵੇ।

ਵਰਨਣ ਯੋਗ ਹੈ ਕਿ ਹਰਿਆਣੇ ਦੇ ਪ੍ਰਮੁੱਖ ਸਿਆਸੀ ਚੌਧਰ ਵਾਲੇ ਚੌਟਾਲਾ ਪਰਵਾਰ ਵਿੱਚ ਵਿਰਾਸਤ ਦੀ ਜੰਗ ਚੱਲ ਰਹੀ ਹੈ। ਬੀਤੀ ਸੱਤ ਅਕਤੂਬਰ ਨੂੰ ਗੋਹਾਨਾ ਰੈਲੀ ਅਤੇ ਉਸ ਦੇ ਦੋ ਦਿਨ ਬਾਅਦ ਪਾਰਟੀ ਦੇ ਮੁਖੀ ਓਮ ਪ੍ਰਕਾਸ਼ ਚੌਟਾਲਾ ਵੱਲੋਂ ਪਾਰਟੀ ਦੇ ਕੁਝ ਯੂਨਿਟ ਭੰਗ ਕਰਨ ਤੇ ਆਪਣੇ ਪੋਤੇ ਦੁਸ਼ਯੰਤ ਚੌਟਾਲਾ ਨੂੰ ਨੋਟਿਸ ਦਿੱਤੇ ਜਾਣ ਦੇ ਬਾਅਦ ਦੁਸ਼ਯੰਤ ਕੱਲ੍ਹ ਇਥੇ ਬਰਨਾਲਾ ਰੋਡ ਵਿਖੇ ਚੌਟਾਲਾ ਹਾਊਸ ਵਿੱਚ ਪਹੁੰਚੇ ਸਨ। ਇਸ ਦੌਰਾਨ ਨੌਜਵਾਨਾਂ ਨੇ 'ਚੌਧਰੀ ਦੇਵੀਲਾਲ ਅਮਰ ਰਹੇ', 'ਡਾ. ਅਜੇ ਸਿੰਘ ਚੌਟਾਲਾ ਜ਼ਿੰਦਾਬਾਦ', 'ਦੁਸ਼ਯੰਤ ਤੁਸੀਂ ਅੱਗੇ ਵਧੋ, ਅਸੀਂ ਤੁਹਾਡੇ ਨਾਲ ਹਾਂ' ਦੇ ਨਾਅਰੇ ਲਾਏ।

ਦੁਸ਼ਯੰਤ ਚੌਟਾਲਾ ਨੇ ਕਿਹਾ ਕਿ ਸਾਰੇ ਯੁਵਾ ਸਾਥੀ ਇਕੱਠੇ ਹੋ ਕੇ ਸਬਰ ਵਿੱਚ ਰਹਿਣ। ਉਨ੍ਹਾਂ ਨੇ ਕਿਹਾ ਕਿ ਚੌਟਾਲਾ ਸਾਹਿਬ ਦੇ ਭਾਸ਼ਣ ਦਾ ਇਕ ਇੱਕ ਅੰਸ਼ ਉਨ੍ਹਾਂ ਨੂੰ ਯਾਦ ਹੈ, ਜਿਸ ਵਿੱਚ ਚੌਟਾਲਾ ਸਾਹਿਬ ਕਹਿੰਦੇ ਹਨ ਕਿ 'ਹੱਕ ਮੰਗਣ ਨਾਲ ਨਹੀਂ, ਖੋਹਣ ਨਾਲ ਮਿਲਦੇ ਹਨ।' ਦੁਸ਼ਯੰਤ ਚੌਟਾਲਾ ਨੇ ਇਸ ਗੱਲ ਨੂੰ ਵਧਾਉਂਦੇ ਹੋਏ ਕਿਹਾ ਕਿ ਜੇ ਸਾਨੂੰ ਆਪਣੇ ਅਧਿਕਾਰਾਂ ਨੂੰ ਮੰਗਣ ਲਈ ਹੱਕ ਜਤਾਉਣਾ ਪਵੇ ਤਾਂ ਜਤਾਵਾਂਗੇ। ਨਾਲ ਹੀ ਉਨ੍ਹਾਂ ਨੇ ਨੌਜਵਾਨਾਂ ਨੂੰ ਸਖਤੀ ਨਾਲ ਸੰਦੇਸ਼ ਦਿੱਤਾ ਕਿ ਉਹ ਸਬਰ ਰੱਖਣ, ਇਨੈਲੋ ਪਾਰਟੀ ਦੇ ਮੁਖੀ ਸਾਡੇ ਪਰਵਾਰ ਦੇ ਅਤੇ ਪਾਰਟੀ ਦੇ ਮੁਖੀਆ ਹਨ। ਕੋਈ ਵੀ ਸਾਥੀ ਜੇ ਉਨ੍ਹਾਂ ਦੇ ਖਿਲਾਫ ਕੋਈ ਸ਼ਬਦ ਬੋਲਦਾ ਜਾਂ ਲਿਖਦਾ ਹੈ ਤਾਂ ਮੈਨੂੰ ਬੁਰਾ ਲੱਗਦਾ ਹੈ।

ਅਸਲ ਵਿੱਚ ਸਾਲ 2009 ਵਿੱਚ ਇਨੈਲੋ ਦੇ ਮੁਖੀ ਨੇ ਦੁਸ਼ਯੰਤ ਨੂੰ ਮਹਿੰਦਗੜ੍ਹ ਦਾ ਇੰਚਾਰਜ ਬਣਾਇਆ ਤਾਂ ਓਦੋਂ ਤੋਂ ਲੈ ਕੇ ਉਹ ਪਾਰਟੀ ਦੀ ਮਜ਼ਬੂਤੀ ਲਈ ਕੰਮ ਕਰ ਰਹੇ ਹਨ। ਉਨ੍ਹਾਂ ਨੇ ਵਰਕਰਾਂ ਨੂੰ ਕਿਹਾ ਕਿ ਉਹ ਦੀਵਾਲੀ ਤੱਕ ਸਬਰ ਰੱਖਣ। ਦੀਵਾਲੀ ਤੋਂ ਪਹਿਲਾ ਡਾ. ਅਜੈ ਸਿੰਘ ਚੌਟਾਲਾ ਪੈਰੋਲ 'ਤੇ ਆ ਜਾਣਗੇ। ਉਨ੍ਹਾਂ ਨੇ ਨੌਜਵਾਨਾਂ ਨੂੰ ਕਿਹਾ ਕਿ ਹੋ ਸਕਦਾ ਹੈ ਕਿ ਗੋਹਾਨਾ ਰੈਲੀ ਵਿੱਚ ਕੋਈ ਕੋਤਾਹੀ ਹੋਈ ਹੋਵੇ, ਪਰ ਕਿਸੇ ਯੁਵਾ ਸਾਥੀ 'ਤੇ ਗਾਜ ਨਹੀਂ ਡਿੱਗਣ ਦੇਵਾਂਗੇ।

# ਦਿੱਲੀ ਵਿੱਚ ਪ੍ਰਦੂਸ਼ਣ ਵਧਦੇ ਸਾਰ ਏਅਰ ਪਿਊਰੀਫਾਇਰ ਦੀ ਸੇਲ ਵਧੀ



ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਬਦਲਦੇ ਮੌਸਮ ਦੇ ਨਾਲ ਦਿੱਲੀ ਵਿੱਚ ਹਵਾ ਦੀ ਕੁਆਲਿਟੀ ਲਗਾਤਾਰ ਖਰਾਬ ਹੁੰਦੀ ਜਾਂਦੀ ਹੈ। ਅਗਲੇ ਦਿਨਾਂ 'ਚ ਰਾਜਧਾਨੀ ਖੇਤਰ ਅਤੇ ਇਸ ਦੇ ਨੇੜਲੇ ਇਲਾਕਿਆਂ 'ਚ ਹਵਾ ਦੀ ਕੁਆਲਿਟੀ 'ਚ ਗਿਰਾਵਟ ਦੇ ਅੰਦਾਜ਼ੇ ਕਾਰਨ ਏਅਰ ਪਿਊਰੀਫਾਇਰ ਦੀ ਮੰਗ ਵੀ ਵਧ ਗਈ ਹੈ।

ਪਿਊਰੀਫਾਇਰ ਕੰਪਨੀਆਂ ਮੁਤਾਬਕ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਪਿਛਲੇ ਸਾਲਾਂ ਵਾਂਗ ਇਸ ਵਾਰ ਵੀ ਦਿੱਲੀ-ਐੱਨ ਸੀ ਆਰ (ਨੈਸ਼ਨਲ ਕੈਪੀਟਲ ਰੀਜਨ) ਦਾ ਏਅਰ ਪਿਊਰੀਫਾਇਰ ਦੀ ਵਿਕਰੀ ਵੱਧਣ ਵਿੱਚ ਮੁੱਖ ਯੋਗਦਾਨ ਦੇਵੇਗਾ। ਇਸ ਦੇ ਨਾਲ ਛੋਟੇ ਅਤੇ ਦੂਜੀ ਸ਼੍ਰੇਣੀ ਦੇ ਸ਼ਹਿਰਾਂ ਤੋਂ ਵੀ ਇਸ ਦੀ ਮੰਗ ਆ ਰਹੀ ਹੈ। ਯੂਰੇਕਾ ਫੋਰਬਸ ਦੇ ਮੁੱਖ ਬਦਲਾਅ ਅਧਿਕਾਰੀ ਸ਼ਸ਼ਾਂਕ ਸਿਨ੍ਹਾ ਨੇ ਕਿਹਾ ਕਿ ਅਸੀਂ ਪਹਿਲਾਂ ਵੀ ਦੇਖਿਆ ਹੈ ਕਿ ਦੀਵਾਲੀ ਨੇੜੇ ਹਵਾ ਦੀ ਕੁਆਲਿਟੀ ਖਰਾਬ ਹੋ ਜਾਵੇ ਤਾਂ ਏਅਰ ਪਿਊਰੀਫਾਇਰ ਲਈ ਜਾਗਰੂਕਤਾ ਅਤੇ ਇਸ ਦੀ ਵਿਕਰੀ ਵਧੇਗੀ। ਹੋਰ ਕੰਪਨੀਆਂ 'ਚ ਹਨੀਵੇਲ ਨੂੰ ਵੀ ਦੀਵਾਲੀ ਦੇ ਨੇੜੇ ਪ੍ਰਦੂਸ਼ਣ ਵਧਣ ਨਾਲ ਵਿਕਰੀ ਵੱਧਣ ਦਾ ਅੰਦਾਜ਼ਾ ਹੈ। ਸੁਧੀਰ ਪਿਲਾਏ ਨੇ ਕਿਹਾ ਹੈ ਕਿ ਅਸੀਂ ਪਿਛਲੇ ਦੋ ਸਾਲਾਂ ਤੋਂ ਦੇਖ ਰਹੇ ਹਾਂ ਕਿ ਧੁੰਦ ਵਾਲੇ ਮੌਸਮ 'ਚ ਏਅਰ ਪਿਊਰੀਫਾਇਰ ਦੀ ਮੰਗ ਅਚਾਨਕ ਵਧ ਜਾਂਦੀ ਹੈ।

ਸਰਦੀਆਂ ਆਉਂਦੇ ਸਾਰ ਹਵਾ ਦੀ ਕੁਆਲਿਟੀ ਖਰਾਬ ਹੋਣ ਲੱਗਦੀ ਹੈ ਤੇ ਏਅਰ ਪਿਊਰੀਫਾਇਰ ਦੀ ਵਿਕਰੀ 'ਚ ਹੁਲਾਰੇ ਦਾ ਕੰਮ ਕਰਦੀ ਹੈ। ਕੰਪਨੀ ਨੇ ਕਿਹਾ ਕਿ ਹਵਾ ਦੀ ਕੁਆਲਿਟੀ ਖਰਾਬ ਹੋਣ ਦਾ ਮੁੱਖ ਕਾਰਨ ਫਸਲਾਂ ਨੂੰ ਸਾੜਨਾ ਤੇ ਇਸ ਤੋਂ ਬਾਅਦ ਦੀਵਾਲੀ ਦੇ ਪਟਾਕੇ ਹਨ। ਇਨ੍ਹਾਂ ਕਾਰਨ ਹਵਾ ਦੀ ਕੁਆਲਿਟੀ ਬੇਹੱਦ ਨੁਕਸਾਨਦਾਇਕ ਪੱਧਰ 'ਤੇ ਪਹੁੰਚ ਜਾਂਦੀ ਹੈ। ਇਸ ਸਥਿਤੀ 'ਚ ਲੋਕਾਂ ਨੂੰ ਸਸਤੇ, ਪਰ ਪ੍ਰਭਾਵੀ ਹੱਲ ਦੀ ਲੋੜ ਹੁੰਦੀ ਹੈ, ਜੋ ਉਨ੍ਹਾਂ ਦੇ ਘਰਾਂ ਅਤੇ ਦਫਤਰਾਂ ਨੂੰ ਇਸ ਸਮੱਸਿਆ ਤੋਂ ਬਚਾ ਸਕੇ। ਖਾਸ ਗੱਲ ਇਹ ਕਿ ਪਿਛਲੇ ਹਫਤੇ ਦਿੱਲੀ 'ਚ ਹਵਾ ਕੁਆਲਿਟੀ ਇੰਡੈਕਸ 337 ਦਰਜ ਕੀਤਾ ਗਿਆ। ਇਹ ਬੇਹੱਦ ਖਰਾਬ ਸ਼੍ਰੇਣੀ ਵਿੱਚ ਆਉਂਦਾ ਹੈ। ਇਹ ਇਸ ਮੌਸਮ ਦਾ ਅੱਜ ਤੱਕ ਦਾ ਸਭ ਤੋਂ ਖਰਾਬ ਲੈਵਲ ਹੈ। ਅਧਿਕਾਰੀਆਂ ਨੇ ਦੱਸਿਆ ਹੈ ਕਿ ਆਉਂਦੇ ਦਿਨਾਂ 'ਚ ਇਹ ਹੋਰ ਜ਼ਿਆਦਾ ਖਰਾਬ ਹੋ ਸਕਦੀ ਹੈ।

## ਬਟਾਲਾ ਦਾ ਜਵਾਨ ਮੀਜ਼ੋਰਮ ਵਿੱਚ ਸ਼ਹੀਦ

ਬਟਾਲਾ, 22 ਅਕਤੂਬਰ (ਪੋਸਟ ਬਿਊਰੋ)- ਮੀਜ਼ੋਰਮ ਵਿੱਚ ਤੈਨਾਤ ਬਟਾਲਾ ਦਾ ਰਹਿਣ ਵਾਲਾ ਬੀ ਐੱਸ ਐੱਫ ਦਾ ਜਵਾਨ ਸ਼ਹੀਦ ਹੋ ਗਿਆ। 27 ਸਾਲਾ ਸਿਮਰਦੀਪ ਸਿੰਘ ਮੀਜ਼ੋਰਮ ਦੇ ਬ੍ਰਹਮਾ ਬਾਰਡਰ 'ਤੇ ਤੈਨਾਤ ਸੀ। ਉਸ ਦੀ ਛਾਤੀ ਵਿੱਚ ਦੋ ਗੋਲੀਆਂ ਲੱਗੀਆਂ ਤੇ ਗੰਭੀਰ ਹਾਲਤ ਵਿੱਚ ਉਸ ਨੂੰ ਹਸਪਤਾਲ ਲਿਜਾਇਆ ਗਿਆ, ਪਰ ਉਸ ਦੀ ਮੌਤ ਹੋ ਗਈ।

ਦਸ਼ਮੇਸ਼ ਨਗਰ ਦਾ ਸਿਮਰਦੀਪ ਸਿੰਘ ਕਰੀਬ ਡੇਢ ਸਾਲ ਪਹਿਲਾਂ ਬੀ ਐੱਸ ਐੱਫ ਵਿੱਚ ਭਰਤੀ ਹੋਇਆ ਸੀ ਅਤੇ ਤਿੰਨ ਦਿਨਾਂ ਤੋਂ ਮੀਜ਼ੋਰਮ ਵਿੱਚ ਤੈਨਾਤ ਸੀ। 21 ਨਵੰਬਰ ਨੂੰ ਉਸ ਦਾ ਵਿਆਹ ਹੋਣਾ ਸੀ ਅਤੇ ਘਰ ਵਿੱਚ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਕੱਲ੍ਹ ਉਸ ਦੀ ਮੌਤ ਦੀ ਸੂਚਨਾ ਮਿਲ ਗਈ। ਉਸ ਦੇ ਪਿਤਾ ਬਲਜੀਤ ਸਿੰਘ ਨੇ ਦੱਸਿਆ ਕਿ ਕੱਲ੍ਹ ਉਹ ਵਿਆਹ ਨਾਲ ਸੰਬੰਧਤ ਸਮਾਨ ਖਰੀਦਣ ਲਈ ਬਾਜ਼ਾਰ ਗਿਆ ਸੀ ਤਾਂ ਕਰੀਬ 12 ਵਜੇ ਬੀ ਐੱਸ ਐੱਫ ਦੇ ਅਧਿਕਾਰੀ ਦਾ ਫੋਨ ਆਇਆ ਅਤੇ ਸਿਮਰਦੀਪ ਸਿੰਘ ਦੀ ਮੌਤ ਦੀ ਸੂਚਨਾ ਦਿੱਤੀ। ਇਸ ਦੇ ਨਾਲ ਫੋਨ ਬੰਦ ਹੋ ਗਿਆ, ਇਸ ਲਈ ਪਤਾ ਲੱਗ ਸਕਿਆ ਕਿ ਉਸ ਦੀ ਮੌਤ ਕਿਵੇਂ ਹੋਈ।

## ਜੀਪ ਤੇ ਕੰਬਾਈਨ ਦੀ ਟੱਕਰ ਵਿੱਚ ਇਕ ਦੀ ਮੌਤ, ਇਕ ਜ਼ਖਮੀ

ਲੋਹੀਆਂ ਖਾਸ, 22 ਅਕਤੂਬਰ (ਪੋਸਟ ਬਿਊਰੋ)- ਕੱਲ੍ਹ ਰਾਤ ਸਥਾਨਕ ਰੇਲਵੇ ਸਟੇਸ਼ਨ ਅੱਗੇ ਨੈਸ਼ਨਲ ਹਾਈਵੇ 'ਤੇ ਇਕ ਜੀਪ, ਖੜੀ ਕੰਬਾਈਨ ਨਾਲ ਟਕਰਾਅ ਗਈ, ਜਿਸ ਦੇ ਸਿੱਟੇ ਵਜੋਂ ਇਕ ਵਿਅਕਤੀ ਦੀ ਮੌਤ ਹੋ ਗਈ, ਜਦ ਕਿ ਦੂਸਰੇ ਦੇ ਗੰਭੀਰ ਸੱਟਾਂ ਲੱਗੀਆਂ ਹਨ, ਜਿਸ ਦਾ ਇਲਾਜ ਚੱਲ ਰਿਹਾ ਹੈ। ਇਸ ਸੰਬੰਧ ਵਿੱਚ ਜੀਵਨ ਕੁਮਾਰ ਏ ਐਸ ਆਈ ਨੇ ਦੱਸਿਆ ਕਿ ਰਾਤ ਕਰੀਬ ਸਾਢੇ 10 ਵਜੇ ਇਕ ਜੀਪ, ਜੋ ਪਿੰਡ ਗਿੱਦੜਪਿੰਡੀ ਵਲੋਂ ਲੋਹੀਆਂ ਨੂੰ ਆ ਰਹੀ ਸੀ, ਸਟੇਸ਼ਨ ਮੂਹਰੇ ਖੜੀ ਇਕ ਕੰਬਾਈਨ ਨਾਲ ਟਕਰਾਅ ਕੇ ਪਲਟੇ ਖਾ ਗਈ। ਜੀਪ ਨੂੰ ਚਲਾ ਰਿਹਾ ਸੁਖਦੇਵ ਸਿੰਘ ਜ਼ਖਮੀ ਹੋ ਗਿਆ ਤੇ ਉਸ ਨਾਲ ਬੈਠੇ ਸਤਨਾਮ ਸਿੰਘ (40) ਵਾਸੀ ਭਰੋਆਣਾ ਦੀ ਹਸਪਤਾਲ ਲਿਜਾਂਦੇ ਸਮੇਂ ਰਸਤੇ 'ਚ ਹੀ ਮੌਤ ਹੋ ਗਈ। ਪੁਲਸ ਵੱਲੋਂ ਕਾਨੂੰਨ ਕਾਰਵਾਈ ਕੀਤੀ ਜਾ ਰਹੀ ਹੈ।

## ਭਾਜਪਾ ਦੇ ਕੌਮੀ ਸਕੱਤਰ ਨੇ ਅਦਾਲਤ ਦੀ ਮਾਣਹਾਨੀ ਲਈ ਹਾਈ ਕੋਰਟ ਤੋਂ ਮੁਆਫੀ ਮੰਗੀ

ਚੇਨਈ, 22 ਅਕਤੂਬਰ (ਪੋਸਟ ਬਿਊਰੋ)- ਭਾਜਪਾ ਦੇ ਕੌਮੀ ਸਕੱਤਰ ਐੱਚ. ਰਾਜਾ ਨੇ ਅੱਜ ਸੋਮਵਾਰ ਨੂੰ ਅਦਾਲਤ ਦੇ ਖਿਲਾਫ ਕੀਤੀ ਅਪਮਾਨ ਜਨਕ ਟਿਪਣੀ ਦੇ ਲਈ ਮਦਰਾਸ ਹਾਈ ਕੋਰਟ ਤੋਂ ਬਿਨਾਂ ਸ਼ਰਤ ਮੁਆਫੀ ਮੰਗੀ ਹੈ। ਅਦਾਲਤ ਨੇ ਇਸ ਮਾਮਲੇ ਦਾ ਆਪਣੇ ਆਪ ਨੋਟਿਸ ਲਿਆ ਸੀ। ਅਦਾਲਤ ਨੇ ਅੱਜ ਉਨ੍ਹਾਂ ਦੇ ਮੁਆਫੀਨਾਮੇ ਨੂੰ ਸਵੀਕਾਰ ਕਰ ਲਿਆ ਹੈ ਅਤੇ ਇਸ ਦੇ ਨਾਲ ਹੀ ਮਾਣਹਾਨੀ ਕੇਸ ਨੂੰ ਬੰਦ ਕਰ ਦਿੱਤਾ ਹੈ।

ਐੱਚ ਰਾਜਾ ਨੇ ਹਾਈ ਕੋਰਟ ਤੋਂ ਮੁਆਫੀ ਮੰਗਦੇ ਹੋਏ ਕਿਹਾ ਕਿ ਉਹ ਅਦਾਲਤ ਦਾ ਸਨਮਾਨ ਕਰਦੇ ਹਨ ਤੇ ਉਨ੍ਹਾਂ ਨੇ ਅਪਮਾਨ ਜਨਕ ਟਿਪਣੀ ਅਣਜਾਣੇ ਅਤੇ ਗੁੱਸੇ ਵਿੱਚ ਕੀਤੀ ਸੀ। ਅਸਲ ਵਿੱਚ ਪਿਛਲੇ ਮਹੀਨੇ ਪੁਡੂਕੋਟੀ ਵਿੱਚ ਗਣੇਸ਼ ਚਤੁਰਥੀ ਦੇ ਜਲੂਸ ਮਾਰਗ ਉੱਤੇ ਐੱਚ ਰਾਜਾ ਇਕ ਪੁਲਸ ਕਰਮੀ ਨਾਲ ਭਿੜ ਗਏ ਸੀ। ਉਨ੍ਹਾਂ ਨੇ ਪੁਲਸ ਕਰਮੀ ਨੂੰ ਹਿੰਦੂ ਵਿਰੋਧੀ ਅਤੇ ਭ੍ਰਿਸ਼ਟ ਤਕ ਕਹਿ ਦਿੱਤਾ ਸੀ। ਇਸ ਦੌਰਾਨ ਇਸ ਮਾਰਗ ਉੱਤੇ ਜਲੂਸ ਲਈ ਆਗਿਆ ਨਾ ਮਿਲਣ ਕਾਰਨ ਭਾਜਪਾ ਨੇਤਾ ਨੇ ਅਦਾਲਤ ਬਾਰੇ ਅਪਮਾਨ ਜਨਕ ਟਿਪਣੀ ਕੀਤੀ ਸੀ। ਪੁਲਸ ਨੇ ਜਲੂਸ ਦੇ ਰੂਟ ਬਾਰੇ ਅਦਾਲਤ ਦੇ ਆਦੇਸ਼ ਦਾ ਹਵਾਲਾ ਦਿੰਦੇ ਹੋਏ ਮੂਰਤੀ ਵਿਸਰਜਨ ਕਰਨ ਨੂੰ ਰੋਕ ਦਿੱਤਾ ਸੀ। ਪੁਡੂਕੋਟੀ ਵਿੱਚ ਗਣੇਸ਼ ਪੂਜਣ ਦੀ ਸ਼ੋਭਾ ਯਾਤਰਾ ਨਿਕਲ ਰਹੀ ਸੀ। ਤਾਂ ਭਾਜਪਾ ਨੇਤਾ ਐੱਚ. ਰਾਜਾ ਗਣੇਸ਼ ਚਤੁਰਥੀ ਜਲੂਸ 'ਚ ਸ਼ਾਮਲ ਸੀ।

ਭਾਜਪਾ ਦੇ ਕੌਮੀ ਸਕੱਤਰ ਐੱਚ. ਰਾਜਾ ਕਮਿਊਨਲ ਫਾਰਮ ਤੋਂ ਸੰਵੇਦਨਸ਼ੀਲ ਪੁਡੂਕੋਟੀ ਜ਼ਿਲੇ ਤੋਂ ਗਣੇਸ਼ ਚਤੁਰਥੀ ਜਲੂਸ ਲੈ ਜਾਣਾ ਚਾਹੁੰਦੇ ਸੀ, ਪਰ ਪੁਲਸ ਨੇ ਇਸ ਲਈ ਉਨ੍ਹਾਂ ਨੂੰ ਆਗਿਆ ਨਹੀਂ ਸੀ ਦਿੱਤੀ। ਇਸ ਤੋਂ ਬਾਅਦ ਰਾਜਾ ਨੇ ਆਗਿਆ ਨਾ ਮਿਲਣ ਉੱਤੇ ਮਦਰਾਸ ਹਾਈ ਕੋਰਟ ਦਾ ਵੀ ਅਪਮਾਨ ਕੀਤਾ ਸੀ।

## ਬਲਾਤਕਾਰ ਦੇ ਦੋਸ਼ੀ 'ਦਾਤੀ ਮਹਾਰਾਜ' ਦੀ ਪਟੀਸ਼ਨ 'ਤੇ ਸੁਣਵਾਈ ਤੋਂ ਸੁਪਰੀਮ ਕੋਰਟ ਦੀ ਨਾਂਹ



ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਆਪਣੇ ਉੱਤੇ ਲੱਗੇ ਬਲਾਤਕਾਰ ਦੇ ਦੋਸ਼ਾਂ ਕਾਰਨ ਦਾਤੀ ਮਹਾਰਾਜ ਵੱਲੋਂ ਦਿੱਤੀ ਗਈ ਅਰਜ਼ੀ ਉੱਤੇ ਸੁਣਵਾਈ ਕਰਨ ਤੋਂ ਸੁਪਰੀਮ ਕੋਰਟ ਨੇ ਇਨਕਾਰ ਕਰ ਦਿੱਤਾ ਹੈ। ਇਸ ਕੇਸ 'ਚ ਦਿੱਲੀ ਹਾਈ ਕੋਰਟ ਨੇ ਕਿਹਾ ਸੀ ਕਿ ਦਾਤੀ ਮਹਾਰਾਜ ਕੇਸ ਸੀ ਬੀ ਆਈ ਨੂੰ ਦੇ ਦਿੱਤਾ ਜਾਵੇ। ਹਾਈ ਕੋਰਟ ਦੇ ਇਸ ਹੁਕਮ ਨੂੰ ਚੁਣੌਤੀ ਦਿੰਦੇ ਹੋਏ ਦਾਤੀ ਮਹਾਰਾਜ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਖ਼ਲ ਕੀਤੀ ਸੀ, ਪਰ ਅੱਜ ਸੁਪਰੀਮ ਕੋਰਟ ਨੇ ਇਸ ਦੀ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਦਿੱਲੀ ਪੁਲਸ ਦੀ ਕ੍ਰਾਈਮ ਬ੍ਰਾਂਚ ਨੇ ਬਲਾਤਕਾਰ ਦੇ ਦੋਸ਼ੀ ਦਾਤੀ ਮਹਾਰਾਜ ਦਾ ਕੇਸ ਸੀ ਬੀ ਆਈ ਨੂੰ ਦੇ ਦਿੱਤਾ ਸੀ। ਦਾਤੀ ਮਹਾਰਾਜ ਅਤੇ ਉਸ ਦੇ ਚੇਲਿਆਂ ਉਤੇ ਇਕ 25 ਸਾਲਾ ਔਰਤ ਨੇ ਦੋਸ਼ ਲਾਇਆ ਹੈ ਕਿ ਉਸ ਨਾਲ ਬਲਾਤਕਾਰ ਕੀਤਾ ਗਿਆ ਹੈ। ਇਸ ਕੇਸ ਬਾਰੇ ਚਾਰ ਮਹੀਨੇ ਪਹਿਲਾਂ ਦਿੱਤੀ ਸ਼ਿਕਾਇਤ ਪਿੱਛੋਂ ਇਸ ਕੇਸ ਵਿੱਚ ਬਹੁਤ ਸੁਸਤੀ ਜਾਂਚ ਦੇ ਦੋਸ਼ ਲੱਗੇ ਸਨ। ਦਿੱਲੀ ਹਾਈ ਕੋਰਟ ਨੇ ਦਾਤੀ ਮਹਾਰਾਜ ਨੂੰ ਗ੍ਰਿਫਤਾਰ ਨਾ ਕਰਨ ਬਾਰੇ ਕ੍ਰਾਈਮ ਬ੍ਰਾਂਚ ਤੋਂ ਸਫਾਈ ਮੰਗੀ ਸੀ। 6 ਜੁਲਾਈ ਨੂੰ ਦਿੱਲੀ ਹਾਈ ਕੋਰਟ 'ਚ ਦਾਤੀ ਮਹਾਰਾਜ ਬਾਰੇ ਸੁਣਵਾਈ ਹੋਣੀ ਸੀ, ਪਰ ਦੋਸ਼ੀ ਸੁਣਵਾਈ ਦੌਰਾਨ ਵੀ ਹਾਈ ਕੋਰਟ ਨਹੀਂ ਸੀ ਪੁੱਜਾ। ਇਸ 'ਤੇ ਹਾਈ ਕੋਰਟ ਨੇ ਪੁੱਛਿਆ ਸੀ ਕਿ ਅੱਜ ਤੱਕ ਇਸ ਦੋਸ਼ੀ ਦੀ ਗ੍ਰਿਫਤਾਰੀ ਕਿਉਂ ਨਹੀਂ ਹੋਈ।

# ਰੂਸ ਨਾਲ ਅਮਰੀਕਾ ਐਟਮੀ ਹਥਿਆਰ ਸਮਝੌਤਾ ਖਤਮ ਕਰੇਗਾ

ਵਾਸ਼ਿੰਗਟਨ, 22 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਤਿੰਨ ਦਹਾਕੇ ਪਹਿਲਾਂ ਰੂਸ ਨਾਲ ਹੋਏ ਐਟਮੀ ਹਥਿਆਰ ਕੰਟਰੋਲ ਸਮਝੌਤੇ ਨੂੰ ਜਲਦੀ ਖਤਮ ਕਰਨ ਦਾ ਐਲਾਨ ਕੀਤਾ ਹੈ। ਇਸ ਸੰਬੰਧ ਵਿੱਚ ਟਰੰਪ ਨੇ ਕਿਹਾ ਕਿ ਇੰਟਰਮੀਡੀਏਟ-ਰੇਂਜ ਨਿਊਕਲੀਅਰ ਫੋਰਸਿਜ਼ ਸਮਝੌਤੇ ਦਾ ਰੂਸ ਵੱਲੋਂ ਲਗਾਤਾਰ ਉਲੰਘਣ ਕੀਤਾ ਜਾ ਰਿਹਾ ਹੈ। ਇਸ ਲਈ ਅਮਰੀਕਾ ਇਕੱਲਾ ਇਸ ਦਾ ਭਾਰ ਨਹੀਂ ਢੋਅ ਸਕਦਾ। ਦੋਵਾਂ ਦੇਸ਼ਾਂ ਦੇ ਵਿਚਕਾਰ 1987 ਵਿੱਚ ਹੋਇਆ ਇਹ ਸਮਝੌਤਾ ਅਮਰੀਕਾ ਅਤੇ ਉਸ ਦੇ ਯੂਰਪੀ ਸਹਿਯੋਗੀਆਂ ਦੀ ਸੁਰੱਖਿਆ ਨਿਸ਼ਚਿਤ ਕਰਦਾ ਹੈ। ਇਸ 'ਤੇ ਅਮਰੀਕਾ ਦੇ ਤੱਤਕਾਲੀ ਰਾਸ਼ਟਰਪਤੀ ਰੋਨਾਲਡ ਰੀਗਨ ਅਤੇ ਉਸ ਵਕਤ ਦੇ ਰੂਸੀ ਰਾਸ਼ਟਰਪਤੀ ਮਿਖਾਈਲ ਗੋਰਬਾਚੋਵ ਨੇ ਦਸਖਤ ਕੀਤੇ ਸਨ। ਇਸ ਸਮਝੌਤੇ ਹੇਠ ਦੋਵੇਂ ਦੇਸ਼ ਧਰਤੀ ਤੋਂ ਦਾਗੀਆਂ ਜਾਣ ਵਾਲੀਆਂ 500 ਤੋਂ 5500 ਕਿਲੋਮੀਟਰ ਰੇਂਜ ਵਾਲੀਆਂ ਮਿਜ਼ਾਈਲਾਂ ਦਾ ਨਿਰਮਾਣ ਜਾਂ ਪ੍ਰੀਖਣ ਨਹੀਂ ਕਰ ਸਕਦੇ, ਪ੍ਰੰਤੂ ਕੁਝ ਸਾਲ ਪਹਿਲਾਂ ਰੂਸ ਨੇ ਨੋਵਾਟਰ ਮਿਜ਼ਾਈਲ ਲਾਂਚ ਕੀਤੀ ਸੀ। ਅਮਰੀਕਾ ਦਾ ਮੰਨਣਾ ਹੈ ਕਿ ਇਹ ਮਿਜ਼ਾਈਲ ਪਾਬੰਦੀ ਸ਼ੁਦਾ ਰੇਂਜ ਵਾਲੀ ਹੈ। ਇਸ ਨੂੰ ਲੈ ਕੇ ਰੱਖਿਆ ਮੰਤਰੀ ਜੇਮਸ ਮੈਟਿਸ ਨੇ ਨਾਟੋ (ਨਾਰਥ ਐਟਲਾਂਟਿਕ ਟ੍ਰੀਟੀ ਆਰਗੇਨਾਈਜ਼ੇਸ਼ਨ) ਦੇ ਆਗੂਆਂ ਨੂੰ ਜਾਣਕਾਰੀ ਦੇਂਦੇ ਹੋਏ ਕਿਹਾ ਸੀ ਕਿ ਜੇ ਰੂਸ ਨੋਵਾਟਰ ਮਿਜ਼ਾਈਲ ਵਾਪਸ ਨਹੀਂ ਲੈਂਦਾ ਤਾਂ ਇਸ ਸਮਝੌਤੇ ਨੂੰ ਬਰਕਰਾਰ ਨਹੀਂ ਰੱਖਿਆ ਜਾ ਸਕਦਾ। ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨੀਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਅਸੀਂ ਇਸ ਸਮਝੌਤੇ ਨੂੰ ਖਤਮ ਕਰਨ ਲੱਗੇ ਹਾਂ। ਜਦੋਂ ਸਾਰੇ ਦੇਸ਼ ਹਥਿਆਰ ਬਣਾ ਰਹੇ ਹਨ ਤਾਂ ਸਾਨੂੰ ਵੀ ਉਸ ਰੇਂਜ ਦੇ ਹਥਿਆਰ ਬਣਾਉਣੇ ਹੋਣਗੇ। ਟਰੰਪ ਨੇ ਸਮਝੌਤੇ ਦੇ ਉਲੰਘਣ ਉੱਤੇ ਚੁੱਪੀ ਧਾਰਨ

# ਭਾਰਤ ਦੇ 68 ਫੀਸਦੀ ਲੋਕ ਕਰੋੜਪਤੀ, ਟੈਕਸ ਭਰਨ ਵਾਲਿਆਂ ਦੀ ਗਿਣਤੀ 81 ਫੀਸਦੀ ਵਧੀ



ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਭਾਰਤ ਵਿੱਚ ਇੱਕ ਕਰੋੜ ਰੁਪਏ ਤੋਂ ਜ਼ਿਆਦਾ ਆਮਦਨ ਵਿਖਾਉਣ ਵਾਲੇ ਟੈਕਸ ਪੇਅਰਸ ਦੀ ਗਿਣਤੀ ਪਿਛਲੇ 4 ਸਾਲ ਵਿੱਚ 68 ਫੀਸਦੀ ਵਧ ਕੇ 1.40 ਲੱਖ ਹੋ ਗਈ ਹੈ। ਸੈਂਟਰਲ ਬੋਰਡ ਆਫ ਡਾਇਰੈਕਟ ਟੈਕਸੇਜ਼ (ਸੀ ਬੀ ਡੀ ਟੀ) ਨੇ ਇਹ ਵੀ ਕਿਹਾ ਹੈ ਕਿ ਇਸ ਮਿਆਦ ਵਿੱਚ ਇਨਕਮ ਟੈਕਸ ਰਿਟਰਨ ਦਾਖਲ ਕਰਨ ਵਾਲਿਆਂ ਦੀ ਗਿਣਤੀ ਵਿੱਚ ਵੀ 81 ਫੀਸਦੀ ਦਾ ਵਾਧਾ ਹੋਇਆ ਹੈ।

ਸੀ ਬੀ ਡੀ ਟੀ ਦੇ ਚੇਅਰਮੈਨ ਸੁਸ਼ੀਲ ਚੰਦਰਾ ਨੇ ਕਿਹਾ ਕਿ ਵਿੱਤੀ ਸਾਲ 2017-18 ਦੌਰਾਨ ਡਾਇਰੈਕਟ ਟੈਕਸ-ਜੀ ਡੀ ਪੀ ਅਨੁਪਾਤ (5.98 ਫੀਸਦੀ) ਪਿਛਲੇ 10 ਸਾਲਾਂ ਵਿੱਚ ਸਭ ਤੋਂ ਚੰਗਾ ਰਿਹਾ ਹੈ। ਪਿਛਲੇ 4 ਸਾਲ ਵਿੱਚ ਜੀ ਐੱਸ ਟੀ ਰਿਟਰਨ ਫਾਈਲ ਕਰਨ ਵਾਲਿਆਂ ਦੀ ਗਿਣਤੀ 80 ਫੀਸਦੀ ਵਾਧੇ ਨਾਲ 2013-14 ਵਿੱਚ 3.79 ਕਰੋੜ ਤੋਂ ਵਧ ਕੇ 2017-18 ਵਿੱਚ 6.85 ਕਰੋੜ ਹੋ ਗਈ। ਮੁਲਾਂਕਣ ਸਾਲ 2014-15 ਵਿੱਚ ਇਕ ਕਰੋੜ ਰੁਪਏ ਤੋਂ ਵੱਧ ਦੀ ਕਮਾਈ ਵਿਖਾ ਰਹੇ ਨਿੱਜੀ ਟੈਕਸ ਪੇਅਰਜ਼ ਦੀ ਗਿਣਤੀ 48,416 ਸੀ। ਇਹ 2017-18 ਤੱਕ 68 ਫੀਸਦੀ ਵਧ ਕੇ 81,344 ਉੱਤੇ ਪਹੁੰਚ ਗਈ। ਸੀ ਬੀ ਡੀ ਟੀ ਨੂੰ ਕਿਹਾ ਗਿਆ ਹੈ ਕਿ ਇੱਕ ਕਰੋੜ ਤੋਂ ਵੱਧ ਕਮਾਈ ਵਾਲੇ ਨਿੱਜੀ ਟੈਕਸ ਪੇਅਰਸ ਦੀ ਗਿਣਤੀ ਵਿੱਚ 68 ਫੀਸਦੀ ਵਾਧਾ ਹੋਇਆ ਹੈ। ਚੰਦਰਾ ਨੇ ਕਰੋੜਪਤੀ ਟੈਕਸ ਪੇਅਰਸ ਦੀ ਗਿਣਤੀ ਵਿੱਚ ਇਸ ਵਾਧੇ ਦਾ ਸਿਹਰਾ ਇਨਕਮ ਟੈਕਸ ਡਿਪਾਰਟਮੈਂਟ ਦੀਆਂ ਵੱਖ-ਵੱਖ ਕੋਸ਼ਿਸ਼ਾਂ ਨੂੰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਗਿਣਤੀ ਇਨਕਮ ਟੈਕਸ ਡਿਪਾਰਟਮੈਂਟ ਦੇ ਪਿਛਲੇ ਚਾਰ ਸਾਲਾਂ ਦੌਰਾਨ ਕਾਨੂੰਨ 'ਚ ਸੁਧਾਰ, ਸੂਚਨਾ ਦੇ ਪ੍ਰਸਾਰ ਅਤੇ ਸਖਤੀ ਨਾਲ ਕਾਨੂੰਨ ਦੀ ਪਾਲਣ ਕਰਾਉਣ ਦੀ ਦਿਸ਼ਾ 'ਚ ਚੁੱਕੇ ਗਏ ਕਦਮਾਂ ਦਾ ਨਤੀਜਾ ਹੈ। ਸੀ ਬੀ ਡੀ ਟੀ ਨੇ ਇਹ ਵੀ ਕਿਹਾ ਕਿ ਪਿਛਲੇ 4 ਸਾਲਾਂ ਦੌਰਾਨ ਫਾਈਲ ਕੀਤੇ ਗਏ ਆਈ ਟੀ ਆਰ ਰਿਟਰਨਸ 'ਚ 80 ਫੀਸਦੀ ਤੋਂ ਜ਼ਿਆਦਾ ਦਾ ਵਾਧਾ ਦਰਜ ਕੀਤਾ ਗਿਆ ਹੈ ਅਤੇ ਇਹ 2013-14 ਦੇ 3.79 ਕਰੋੜ ਤੋਂ ਵਧ ਕੇ 2017-18 'ਚ 6.85 ਕਰੋੜ ਹੋ ਗਈਆਂ ਹਨ।

# ਸਰਹੱਦ ਉੱਤੇ ਤਨਾਅ ਕਾਰਨ ਇਸ ਵਾਰੀ ਮਜ਼ਾਰ ਨੂੰ ਦੂਰੋਂ ਸਜਦਾ ਕਰਨਾ ਪਿਆ



ਫਿਰੋਜ਼ਪੁਰ, 22 ਅਕਤੂਬਰ (ਪੋਸਟ ਬਿਊਰੋ)- ਜਦੋਂ ਭਾਰਤੀ ਪੰਜਾਬ ਦੇ ਵਾਸੀਆਂ ਤੇ ਖਾਸ ਕਰਕੇ ਸਿੱਖ ਭਾਈਚਾਰੇ ਵੱਲੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਮੰਗਿਆ ਜਾ ਰਿਹਾ ਹੈ, ਓਦੋਂ ਹਿੰਦ ਪਾਕਿ ਸਰਹੱਦ ਦੀ ਜ਼ੀਰੋ ਲਾਈਨ ਦੇ ਬਿਲਕੁਲ ਨਾਲ ਭਾਰਤੀ ਸਰਹੱਦ ਵਿਚਲੇ ਪੀਰ ਬਾਬਾ ਜੱਲੇ ਸ਼ਾਹ ਦੀ ਮਜ਼ਾਰ 'ਤੇ ਆਉਣ ਦੀ ਪਾਕਿਸਤਾਨੀ ਲੋਕਾਂ ਨੂੰ ਇਸ ਵਾਰੀ ਇਜਾਜ਼ਤ ਨਹੀਂ ਮਿਲ ਸਕੀ। ਦੋ ਦੇਸ਼ਾਂ ਦੇ ਕੌੜੇ ਸਬੰਧਾਂ ਤੋਂ ਪੈਦਾ ਹੋਏ ਤਨਾਅ ਦੇ ਕਾਰਨ ਪੀਰ ਬਾਬਾ ਜੱਲੇ ਸ਼ਾਹ ਦੇ ਪਾਕਿਸਤਾਨੀ ਸ਼ਰਧਾਲੂਆਂ ਦੀ ਆਸਥਾ ਉੱਤੇ ਸਰਹੱਦਾਂ ਭਾਰੂ ਹੋ ਰਹੀਆਂ ਹਨ।

ਸਰਹੱਦੀ ਕਸਬਾ ਮਮਦੋਟ ਦੇ ਨੇੜਲੇ ਪਿੰਡ ਦੋਨਾ ਰਹਿਮਤ ਵਿਖੇ ਭਾਰਤ ਪਾਕਿ ਸਰਹੱਦ ਦੀ ਜ਼ੀਰੋ ਲਾਈਨ ਉਤੇ ਭਾਰਤੀ ਖੇਤਰ ਵਿੱਚ ਪੀਰ ਬਾਬਾ ਜੱਲੇ ਸ਼ਾਹ ਦੀ ਮਜ਼ਾਰ ਦੇ ਲਈ ਦੋਵੇਂ ਦੇਸ਼ਾਂ ਦੇ ਵਾਸੀਆਂ ਦੀ ਆਸਥਾ ਹੈ। ਹਰ ਸਾਲ 21 ਅਕਤੂਬਰ ਨੂੰ ਲੱਗਣ ਵਾਲੇ ਮੇਲੇ ਵਿੱਚ ਦੋਵਾਂ ਦੇਸ਼ਾਂ ਦੇ ਨਾਗਰਿਕ ਪੀਰ ਨੂੰ ਸਜਦਾ ਕਰਦੇ ਰਹੇ ਹਨ। ਇਸ ਬਾਰੇ ਪਿੰਡ ਸੇਠਾਂ ਵਾਲਾ ਦੇ ਕਿਸਾਨ ਗੁਰ-ਚਰਨ ਸਿੰਘ ਨੇ ਦੱਸਿਆ ਕਿ ਖਾੜਕੂਵਾਦ ਦੇ ਦਿਨਾਂ ਤੋਂ ਪਹਿਲੋਂ ਇਸ ਮਜ਼ਾਰ 'ਤੇ ਲੱਗਣ ਵਾਲੇ ਮੇਲੇ ਵਿੱਚ ਪਾਕਿਸਤਾਨੀ ਨਾਗਰਿਕ ਵੀ ਨੇੜਿਓਂ ਸਜਦਾ ਕਰ ਲੈਂਦੇ ਸਨ, ਪਰ ਜਦੋਂ ਹਾਲਾਤ ਵਿਗੜਦੇ ਗਏ ਤਾਂ ਬੀ ਐਸ ਐਫ ਵੱਲੋਂ ਮਜਬੂਰਨ ਸਖਤੀ ਕਰਨੀ ਪੈਂਦੀ ਹੈ। ਇਸ ਕਾਰਨ ਪਾਕਿਸਤਾਨੀ ਨਾਗਰਿਕ ਆਪਣੇ ਖੇਤਾਂ ਵਿੱਚੋਂ ਦੂਰੋਂ ਹੀ ਪੀਰ ਜੱਲੇ ਸ਼ਾਹ ਨੂੰ ਸਜਦਾ ਕਰ ਲੈਂਦੇ ਹਨ। ਇਸ ਵਾਰ ਵੀ ਕੱਲ੍ਹ ਭਾਰਤ ਪਾਕਿਸਤਾਨ ਸਰਹੱਦ 'ਤੇ ਸ਼ਰਧਾਲੂਆਂ ਲਈ ਕੌਮਾਂਤਰੀ ਜ਼ੀਰੋ ਲਾਈਨ ਤੋਂ ਥੋੜ੍ਹੀ ਵਿੱਥ 'ਤੇ ਪੀਰ ਬਾਬਾ ਜੱਲੇ ਸ਼ਾਹ ਦੀ ਸਾਲਾਨਾ ਜੋੜ ਮੇਲਾ ਇਲਾਕੇ ਦੀਆਂ ਸੰਗਤਾਂ ਵੱਲੋਂ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਹਰ ਸਾਲ ਭਾਰਤ ਵੱਲੋਂ ਹਜ਼ਾਰਾਂ ਸ਼ਰਧਾਲੂ ਮੱਥਾ ਟੇਕਣ ਆਉਂਦੇ ਹਨ ਤਾਂ ਪਾਕਿਸਤਾਨ ਵੱਲੋਂ ਵੀ ਹਰ ਵਾਰ ਸ਼ਰਧਾਲੂ ਪੀਰ ਨੂੰ ਸਜਦਾ ਕਰਨ ਆਉਂਦੇ ਹਨ। ਪਿੰਡ ਦੋਨਾ ਰਹਿਮਤ ਨੇੜੇ ਸੀਮਾ ਸੁਰੱਖਿਆ ਬਲ ਦੀ ਸਰਹੱਦੀ ਟੈਂਟ ਪੋਸਟ ਕੋਲ ਕੰਡਿਆਲੀ ਤਾਰ 'ਤੇ ਬਣੇ ਗੇਟ ਨੰਬਰ 205 ਤੋਂ ਪਾਰ ਸਥਿਤ ਪੀਰ ਬਾਬਾ ਜੱਲੇ ਸ਼ਾਹ ਦੀ ਮਜ਼ਾਰ 'ਤੇ ਸਖਤ ਸੁਰੱਖਿਆ ਪ੍ਰਬੰਧ ਹੇਠ ਹਜ਼ਾਰਾਂ ਸ਼ਰਧਾਲੂ ਨਤ ਮਸਤਕ ਹੋਏ। ਪਾਕਿਸਤਾਨ ਵਾਲੇ ਪਾਸਿਓਂ ਸ਼ਰਧਾਲੂਆਂ ਨੇ ਦੂਰ ਤੋਂ ਹੀ ਪੀਰ ਨੂੰ ਸਜਦਾ ਕੀਤਾ। ਇਸ ਤੋਂ ਪਹਿਲੋਂ ਸੀਮਾ ਸੁਰੱਖਿਆ ਬਲ ਵੱਲੋਂ ਕੰਡਿਆਲੀ ਤਾਰ ਤੋਂ ਪਾਰ ਜ਼ੀਰੋ ਲਾਈਨ ਦੇ ਨਜ਼ਦੀਕ ਸਥਿਤ ਪੀਰ ਦੀ ਮਜ਼ਾਰ 'ਤੇ ਪਹੁੰਚਣ ਵਾਲੇ ਕੁਝ ਸ਼ਰਧਾਲੂਆਂ ਨੂੰ ਪਾਸ ਜਾਰੀ ਕੀਤੇ ਗਏ।

# ਨੰਨ ਬਲਾਤਕਾਰ ਕੇਸ ਦੇ ਦੋਸ਼ੀ ਬਿਸ਼ਪ ਦੇ ਖ਼ਿਲਾਫ਼ ਬਿਆਨ ਦੇ ਚੁੱਕੇ ਪਾਦਰੀ ਦੀ ਮੌਤ

ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਕੇਰਲ ਨੰਨ ਬਲਾਤਕਾਰ ਕੇਸ ਵਿਚ ਦੋਸ਼ੀ ਬਿਸ਼ਪ ਫ੍ਰੈਂਕੋ ਮੁਲੱਕਲ ਦੇ ਖ਼ਿਲਾਫ਼ ਬਿਆਨ ਦੇਣ ਵਾਲੇ ਫਾਦਰ ਕੁਰਿਆਕੋਸ ਦੀ ਸ਼ੱਕੀ ਹਾਲਤ ਵਿਚ ਮੌਤ ਹੋ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਕੁਰੀਆਕੋਸ ਦੀ ਲਾਸ਼ ਸਵੇਰੇ 10 ਵਜੇ ਉਹਨਾਂ ਦੇ ਜਲੰਧਰ ਵਾਲੇ ਰਿਹਾਇਸ਼ੀ ਸਥਾਨ ਤੋਂ ਬਰਾਮਦ ਹੋਈ ਹੈ। ਮੌਕੇ ਉੱਤੇ ਪਹੁੰਚੀ ਪੁਲਿਸ ਨੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿਤੀ ਹੈ। ਸ਼ੁਰੂਆਤੀ ਜਾਂਚ ਵਿਚ ਇਹ ਮੌਤ ਹਾਰਟ ਹਟੈਕ ਨਾਲ ਹੋਈ ਦੱਸੀ ਜਾ ਰਹੀ ਹੈ। ਪਤਾ ਲੱਗਾ ਹੈ ਕਿ ਕੁਰਿਆਕੋਸ ਨੇ ਬਿਸ਼ਪ ਮੁਲੱਕਲ ਦੇ ਖ਼ਿਲਾਫ਼ ਬਿਆਨ ਦਿਤੇ ਹਨ ਤੇ ਉਸ ਤੋਂ ਬਾਅਦ ਉਹਨਾਂ ਦੀ ਕਾਰ ਉਤੇ ਹਮਲਾ ਹੋਇਆ ਸੀ ਤੇ ਉਹਨਾਂ ਨੂੰ ਧਮਕੀਆਂ ਵੀ ਮਿਲੀਆਂ ਸੀ। ਕੁਰੀਆਕੋਸ 60 ਸਾਲਾਂ ਦੇ ਸਨ। ਉਹਨਾਂ ਦੀ ਅਚਾਨਕ ਮੌਤ ਤੋਂ ਬਾਅਦ ਵੱਖ-ਵੱਖ ਤਰ੍ਹਾਂ ਦੇ ਅਨੁਮਾਨ ਲਾਏ ਜਾ ਰਹੇ ਹਨ। ਦਸੂਆ ਦੇ ਡੀ ਐਸ ਪੀ, ਏ ਆਰ ਸ਼ਰਮਾ ਦੇ ਮੁਤਾਬਿਕ ਮ੍ਰਿਤਕ ਸੇਂਟ ਪਾਲ ਚਰਚ ਵਿਚ ਰਹਿੰਦੇ ਸਨ ਤੇ ਉਥੇ ਕਮਰੇ ਵਿਚ ਮ੍ਰਿਤਕ ਪਾਏ ਜਾਣ ਪਿੱਛੋਂ ਸਾਨੂੰ ਜਾਣਕਾਰੀ ਦਿਤੀ ਗਈ ਸੀ, ਪਰ ਉਹਨਾਂ ਦੇ ਸਰੀਰ ਉਤੇ ਸੱਟਾਂ ਦੇ ਨਿਸ਼ਾਨ ਨਹੀਂ ਮਿਲੇ। ਸ਼ੁਰੂ ਦੀ ਜਾਂਚ ਵਿਚ ਪਤਾ ਲੱਗਾ ਹੈ ਕਿ ਮੌਤ ਤੋਂ ਬਲੈਡ ਪ੍ਰੈਸ਼ਰ ਦੀਆਂ ਦਵਾਈਆਂ ਮਿਲੀਆਂ ਹਨ, ਨਾਲ ਹੀ ਉਹਨਾਂ ਨੇ ਅਪਣੇ ਬਿਸਤਰ ਨੂੰ ਉਲਟਾ ਵੀ ਕੀਤਾ ਹੋਇਆ ਸੀ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



647-998-7500
ਬਲਵਿੰਦਰ

WAREHOUSE ORDER PICKER/SHIPPER/RECIEVER
Job Description:
Requirements:

# ਪੈਟਰਿਕ ਮੇਅਰ: ਲਿੰਡਾ ਦੀ ਹਾਰ

...ਪੰਨਾ 1 ਦਾ ਬਾਕੀ

ਬਰੈਂਪਟਨ ਵਾਸੀਆਂ ਨੇ ਮੇਅਰ ਦੀ ਚੋਣ ਲੜ ਰਹੇ ਦੋ ਵੱਡੇ ਨਾਵਾਂ ਵਾਰਡ ਨੰਬਰ 9 ਅਤੇ 10 ਤੋਂ ਮੌਜੂਦਾ ਰੀਜਨਲ ਕਾਉਂਸਲਰ ਜੋਹਨ ਸਪਰੋਵਰੀ ਅਤੇ ਸਾਬਕਾ ਫੈਡਰਲ ਮੰਤਰੀ ਬਲ ਗੋਸਲ ਨੂੰ ਪਸੰਦ ਨਹੀਂ ਕੀਤਾ ਹੈ। ਇਹਨਾਂ ਨੂੰ ਕਰਮਵਾਰ ਮਹਿਜ਼ 4.81 ਅਤੇ 5.12 ਪ੍ਰਤੀਸ਼ਤ ਵੋਟਾਂ ਹੀ ਮਿਲੀਆਂ ਹਨ।

ਬਰੈਂਪਟਨ ਵਾਰਡ ਨੰਬਰ 9 ਅਤੇ 10 ਵਿੱਚ ਆਸ ਮੁਤਾਬਕ ਨਤੀਜੇ ਰਹੇ ਹਨ ਜਿੱਥੇ ਰੀਜਨਲ ਕਾਉਂਸਲਰ ਲਈ ਗੁਰਪ੍ਰੀਤ ਸਿੰਘ ਢਿੱਲੋਂ (55.5%) ਚੁਣੇ ਗਏ ਹਨ ਜਿਹਨਾਂ ਨੇ ਕਰਮਵਾਰ ਮਿਸ਼ੇਲ ਸ਼ਾਹ (24.22%) ਵਿੱਕੀ ਢਿੱਲੋਂ (20.27%) ਨੂੰ ਹਰਾਇਆ ਹੈ। ਸਿਟੀ ਕਾਉਂਸਲ ਲਈ ਹਰਕੀਰਤ ਸਿੰਘ ਨੇ ਚੋਣ ਜਿੱਤੀ ਹੈ। ਇਸ ਵਾਰਡ ਤੋਂ ਮਾਈਕਲ ਫਰਕੁਾਰਸਨ 18.29% ਵੋਟਾਂ ਲੈ ਕੇ ਦੂਜੇ ਨੰਬਰ ਉੱਤੇ ਰਿਹਾ ਹੈ।

ਸਕੂਲ ਬੋਰਡ ਲਈ ਇਹਨਾਂ ਵਾਰਡਾਂ ਤੋਂ ਮਸ਼ਹੂਰ ਕਮਿਉਨਿਟੀ ਵਰਕਰ ਬਲਬੀਰ ਕੌਰ ਸੋਹੀ ਚੁਣੀ ਗਈ ਹੈ। ਬਰੈਂਪਟਨ ਵਿੱਚ ਰੀਜਨਲ ਕਾਉਂਸਲ ਲਈ ਵਾਰਡ 1 ਅਤੇ 5 ਚੋਂ ਪਾਲ ਵਿਸੈਂਟ, 2 ਅਤੇ 6 ਤੋਂ ਮਾਈਕਲ ਪਾਲ ਪਾਲੈਸ਼ੀ, 3 ਅਤੇ 4 ਤੋਂ ਮਾਰਟਿਨ ਮੀਡੀਰੋਸ, 7 ਅਤੇ 8 ਤੋਂ ਪਾਲ ਫੋਰਟਿਨੀ ਚੁਣੇ ਗਏ ਹਨ।

ਪੰਜਾਬੀ ਕਮਿਉਨਿਟੀ ਨਾਲ ਸਬੰਧਿਤ ਹਾਰਨ ਵਾਲੇ ਕੁੱਝ ਨਾਮਵਰ ਉਮੀਦਵਾਰਾਂ ਵਿੱਚ ਰੀਜਨਲ ਕਾਉਂਸਲ ਲਈ ਵਾਰਡ 2 ਅਤੇ 6 ਤੋਂ ਗੁਰਪ੍ਰੀਤ ਕੌਰ ਬੈਂਸ, ਰੀਜਨਲ ਕਾਉਂਸਲ ਲਈ ਵਾਰਡ 9 ਅਤੇ 10 ਤੋਂ ਸਾਬਕਾ ਸਿਟੀ ਕਾਉਂਸਲਰ ਵਿੱਕੀ ਢਿੱਲੋਂ, ਸਿਟੀ ਕਾਉਂਸਲ ਲਈ ਵਾਰਡ ਨੰਬਰ 3 ਅਤੇ 4 ਤੋਂ ਹਰਪ੍ਰੀਤ ਸਿੰਘ ਹੰਸਰਾ, ਵਾਰਡ 7 ਅਤੇ 8 ਤੋਂ ਹਰਵੀਨ ਧਾਲੀਵਾਲ ਅਤੇ ਮਾਰਟਿਨ ਸਿੰਘ ਦੇ ਨਾਮ ਸ਼ਾਮਲ ਹਨ।

ਬਰੈਂਪਟਨ ਸਿਟੀ ਕਾਉਂਸਲ ਲਈ ਵਾਰਡ ਨੰਬਰ 1 ਅਤੇ 5 ਤੋਂ ਰੋਵੇਨਾ ਸੈਂਟੋਜ਼, 2 ਅਤੇ 6 ਤੋਂ ਡੱਗ ਵ੍ਰਿਲਹਾਂਸ, 3 ਅਤੇ 4 ਤੋਂ ਜੈਫ ਬਾਊਮੈਨ, 7 ਅਤੇ 8 ਤੋਂ ਸ਼ਾਰਮੇਨ ਵਿਲੀਅਮਜ਼ ਦੀ ਜਿੱਤ ਹੋਈ ਹੈ।

ਬਰੈਂਪਟਨ ਸਿਟੀ ਕਾਉਂਸਲ ਲਈ ਵਾਰਡ ਨੰ 7 ਅਤੇ 8 ਵਿੱਚ ਮਾਰਟਿਨ ਸਿੰਘ (22.32%), ਹਰਵੀਨ ਧਾਲੀਵਾਲ (17%), ਗੁਰਵਿੰਦਰ ਸਿੰਘ (3.59%) ਅਤੇ ਮੋਕਸ਼ੀ ਵਿਰਕ (1.76%) ਪੰਜਾਬੀ ਉਮੀਦਵਾਰਾਂ ਨੂੰ ਕੁੱਲ 44% ਦੇ ਕਰੀਬ ਵੋਟਾਂ ਪਈਆਂ ਜਦੋਂ ਕਿ ਜੇਤੂ ਉਮੀਦਵਾਰ ਸ਼ਾਰਮੇਨ ਵਿਲੀਅਮਜ਼ ਨੂੰ ਸਿਰਫ਼ 25.78% ਵੋਟਾਂ ਹਾਸਲ ਹੋਈਆਂ। ਇਹ ਇੱਕ ਅਜਿਹਾ ਵਾਰਡ ਸੀ ਜਿੱਥੇ ਤੋਂ ਏਕਾ ਹੋਣ ਦੀ ਸੂਰਤ ਵਿੱਚ ਪੰਜਾਬੀ ਉਮੀਦਵਾਰ ਸਹਿਜਤਾ ਨਾਲ ਜਿੱਤ ਸਕਦਾ ਸੀ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

Founder Editor - Jagdish Singh Grewal
Managing Director - Parminder Kaur Grewal
Honorary Editor - Jatinder Pannu
Contributing Editors - Karam Singh Punia
- Gyan Singh
- Angrej Singh
Office Admin Assistant - Priya Sodhi
Marketing Executives - HS Nagpal
- Gurpreet Singh Pall
-
Photographer - Kanwaljit Singh Kanwal
Distribution - Aman Warriach

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਮੈਰੀਜ਼ੁਆਨਾ ਦੇ ਕਾਨੂੰਨੀਕਰਨ ਵਾਲੇ ਫੈਸਲੇ ਨੂੰ ਉਲਟਾਉਣ ਦੀ ਕੋਸ਼ਿਸ਼ ਮਹਿੰਗੀ ਪਵੇਗੀ ਸ਼ੀਅਰ ਨੂੰ : ਗੁਡੇਲ

...ਪੰਨਾ 1 ਦਾ ਬਾਕੀ

ਕਿ ਅਗਲੇ ਸਾਲ ਜੇ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਬਣਦੀ ਹੈ ਤਾਂ ਮੈਰੀਜੁਆਨਾ ਨੂੰ ਕਾਨੂੰਨੀ ਦਾਇਰੇ ਵਿੱਚ ਹੀ ਰੱਖਿਆ ਜਾਵੇਗਾ। ਬੁੱਧਵਾਰ ਨੂੰ ਸ਼ੀਅਰ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਤੇ ਦੋਸ਼ ਲਾਇਆ ਕਿ ਉਹ ਮੈਰੀਜੁਆਨਾ ਦੇ ਕਾਨੂੰਨੀਕਰਨ ਨੂੰ ਲੈ ਕੇ ਜਲਦਬਾਜ਼ੀ ਕਰ ਰਹੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਆਪਣੀ ਸਰਕਾਰ ਦੇ ਆਉਣ ਉੱਤੇ ਉਹ ਸਾਰੀ ਹਕੀਕਤ ਨਵੇਂ ਸਿਰੇ ਤੋਂ ਜਾਂਚਣਗੇ ਤੇ ਫਿਰ ਹੀ ਕੋਈ ਫੈਸਲਾ ਲੈਣਗੇ।

ਪਰ ਗੁਡੇਲ ਨੇ ਆਖਿਆ ਕਿ ਅਜਿਹਾ ਕੋਈ ਵੀ ਫੈਸਲਾ ਕਰਨਾ ਤੋਂ ਪਹਿਲਾਂ ਸ਼ੀਅਰ ਨੂੰ ਬਹੁਤ ਚੰਗੀ ਤਰ੍ਹਾਂ ਸਾਰਾ ਕੁੱਝ ਸੋਚ ਵਿਚਾਰ ਲੈਣਾ ਚਾਹੀਦਾ ਹੈ। ਪਰ ਇੱਕ ਹੋਰ ਅਹਿਮ ਕੰਜ਼ਰਵੇਟਿਵ ਆਗੂ ਦਾ ਮੰਨਣਾ ਹੈ ਕਿ ਮੈਰੀਜੁਆਨਾ ਸਬੰਧੀ ਕਾਨੂੰਨ ਇਸੇ ਤਰ੍ਹਾਂ ਹੀ ਬਰਕਰਾਰ ਰਹੇਗਾ। ਕੰਜ਼ਰਵੇਟਿਵ ਹੈਲਥ ਕ੍ਰਿਟਿਕ ਤੇ ਓਨਟਾਰੀਓ ਤੋਂ ਐਮਪੀ ਮੈਰੀਲਿਨ ਗਲੈਡੂ ਨੇ ਆਖਿਆ ਕਿ ਟੋਰੀ ਸਰਕਾਰ ਕਈ ਕਾਰਨਾਂ ਕਰਕੇ ਮੌਜੂਦਾ ਮੈਰੀਜੁਆਨਾ ਸਿਸਟਮ ਨੂੰ ਨਹੀਂ ਬਦਲੇਗੀ। ਅਜਿਹਾ ਇਸ ਲਈ ਵੀ ਔਖਾ ਹੈ ਕਿਉਂਕਿ ਪ੍ਰੋਵਿੰਸਾਂ ਤੇ ਮਿਉਂਸਪੈਲਿਟੀਜ਼ ਵੱਲੋਂ ਨਿਯਮ ਲਾਗੂ ਕੀਤੇ ਜਾ ਚੁੱਕੇ ਹੋਣਗੇ ਤੇ ਕੈਨੇਡੀਅਨ ਵੀ ਨਿਵੇਸ਼ ਕਰ ਚੁੱਕੇ ਹੋਣਗੇ।

## ਵੈਨਕੂਵਰ ਵਿੱਚ ਮਹਿਸੂਸ ਕੀਤੇ ਗਏ ਭੂਚਾਲ ਦੇ ਤਿੰਨ ਝਟਕੇ



ਵੈਨਕੂਵਰ, 22 ਅਕਤੂਬਰ (ਪੋਸਟ ਬਿਊਰੋ) : ਪੈਸੇਫਿਕ ਓਸ਼ਨ ਦੇ ਨਾਲ ਲੱਗਦੇ ਵੈਨਕੂਵਰ ਆਈਲੈਂਡ ਦੇ ਤੱਟੀ ਇਲਾਕੇ ਵਿੱਚ ਐਤਵਾਰ ਰਾਤ ਨੂੰ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਯੂਐਸ ਜਿਓਲਾਜੀਕਲ ਸਰਵੇਖਣ ਵੱਲੋਂ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਟੋਫੀਨੋ ਤੋਂ 260 ਕਿਲੋਮੀਟਰ ਪੱਛਮ ਵੱਲ ਭੂਚਾਲ ਦਾ ਪਹਿਲਾ ਵੱਡਾ ਝਟਕਾ ਮਹਿਸੂਸ ਕੀਤਾ ਗਿਆ, ਜਿਸ ਦੀ ਗਤੀ ਰਿਕਟਰ ਪੈਮਾਨੇ ਉੱਤੇ 6.6 ਮਾਪੀ ਗਈ। ਦੂਜੇ ਝਟਕੇ ਦੀ ਗਤੀ 6.8 ਮਾਪੀ ਗਈ ਜਦਕਿ ਤੀਜੇ ਝਟਕੇ ਦੀ ਗਤੀ 6.5 ਮਾਪੀ ਗਈ। ਸਰਵੇ ਜਿਓਫਿਜ਼ਿਸਟ ਜ਼ਖਾਰੀ ਰੀਵਜ਼ ਨੇ ਦੱਸਿਆ ਕਿ ਇਹ ਤਿੰਨੇ ਝਟਕੇ ਇੱਕ ਇਲਾਕੇ ਵਿੱਚ ਹੀ ਇੱਕ ਘੰਟੇ ਦੇ ਫਰਕ ਨਾਲ ਮਹਿਸੂਸ ਕੀਤੇ ਗਏ। ...ਇਨ੍ਹਾਂ ਦੀ ਡੂੰਘਾਈ ਜ਼ਮੀਨ ਤੋਂ 10 ਕਿਲੋਮੀਟਰ ਹੇਠਾਂ ਦਰਜ ਕੀਤੀ ਗਈ।

ਗੋਲਡਨ ਵਿੱਚ ਕੋਲੋਰਾਡੋ ਸਥਿਤ ਰੀਵਜ਼ ਨੇ ਇਨ੍ਹਾਂ ਭੂਚਾਲ ਦੇ ਝਟਕਿਆਂ ਨੂੰ ਕਾਫੀ ਖਤਰਨਾਕ ਦੱਸਿਆ। ਐਮਰਜੰਸੀ ਇੰਫੋ ਬੀਸੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਭੂਚਾਲ ਦੇ ਇਹ ਝਟਕੇ ਪ੍ਰੋਵਿੰਸ ਵਿੱਚ ਕਈ ਥਾਂ ਉੱਤੇ ਮਹਿਸੂਸ ਕੀਤੇ ਗਏ ਪਰ ਕਿਸੇ ਕਿਸਮ ਦੇ ਨੁਕਸਾਨ ਜਾਂ ਕਿਸੇ ਦੇ ਜ਼ਖ਼ਮੀ ਹੋਣ ਦੀ ਜਾਣਕਾਰੀ ਨਹੀਂ ਹੈ। ਇਹ ਵੀ ਦੱਸਿਆ ਗਿਆ ਕਿ ਕਿਸੇ ਤਰ੍ਹਾਂ ਦੀ ਸੁਨਾਮੀ ਸਬੰਧੀ ਚੇਤਾਵਨੀ ਵੀ ਜਾਰੀ ਨਹੀਂ ਕੀਤੀ ਗਈ ਹੈ।

## ਟੋਰਾਂਟੋ ਪੁਲਿਸ ਨੇ 11 ਗੈਰਲਾਇਸੰਸਸ਼ੁਦਾ ਮੈਰੀਜੁਆਨਾ ਡਿਸਪੈਂਸਰੀਆਂ ਕੀਤੀਆਂ ਬੰਦ




ਟੋਰਾਂਟੋ, 22 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਪਿਛਲੇ ਹਫਤੇ ਜਦੋਂ ਤੋਂ ਮੈਰੀਜੁਆਨਾ ਦਾ ਕਾਨੂੰਨੀਕਰਨ ਹੋਇਆ ਹੈ ਉਦੋਂ ਤੋਂ ਲੈ ਕੇ ਹੁਣ ਤੱਕ ਉਹ 11 ਗੈਰਲਾਇਸੰਸਸ਼ੁਦਾ ਡਿਸਪੈਂਸਰੀਆਂ ਬੰਦ ਕਰ ਚੁੱਕੇ ਹਨ।

ਇਹ ਵੀ ਦੱਸਿਆ ਗਿਆ ਕਿ ਪ੍ਰੋਵਿੰਸ ਦੇ ਨਵੇਂ ਕੈਨਾਬਿਸ ਐਕਟ ਤਹਿਤ ਮਾਰੇ ਗਏ ਛਾਪਿਆਂ ਦੌਰਾਨ 21 ਵਿਅਕਤੀਆਂ ਨੂੰ ਚਾਰਜ ਕੀਤਾ ਜਾ ਚੁੱਕਿਆ ਹੈ ਤੇ ਰਿਹਾਅ ਕੀਤਾ ਜਾ ਚੁੱਕਿਆ ਹੈ। ਪੁਲਿਸ ਅਧਿਕਾਰੀ ਪੰਜ ਗੈਰਲਾਇਸੰਸਸ਼ੁਦਾ ਸ਼ਾਪਸ ਸ਼ੁੱਕਰਵਾਰ ਦੁਪਹਿਰੇ ਤੇ ਛੇ ਹੋਰ ਸ਼ਾਪਸ ਵੀਕੈਂਡ ਉੱਤੇ ਬੰਦ ਕਰਵਾ ਚੁੱਕੇ ਹਨ। ਪੁਲਿਸ ਦਾ ਕਹਿਣਾ ਹੈ ਕਿ ਉਹ ਮੈਰੀਜੁਆਨਾ ਦੇ ਕਾਨੂੰਨੀਕਰਨ ਤੋਂ ਬਾਅਦ ਗੈਰਲਾਇਸੰਸਸ਼ੁਦਾ ਡਿਸਟ੍ਰੀਬਿਊਟਰਜ਼ ਉੱਤੇ ਕਾਰਵਾਈ ਕਰਨੀ ਜਾਰੀ ਰੱਖਣਗੇ।

ਓਨਟਾਰੀਓ ਵਿੱਚ ਕਾਨੂੰਨੀ ਮਾਨਤਾ ਪ੍ਰਾਪਤ ਮੈਰੀਜੁਆਨਾ ਰੀਟੇਲਰ ਸਰਕਾਰ ਵੱਲੋਂ ਆਨਲਾਈਨ ਚਲਾਇਆ ਜਾਣ ਵਾਲਾ ਸਟੋਰ ਹੈ। ਗੈਰਕਾਨੂੰਨੀ ਸਟੋਰਜ਼, ਜਿਹੜੇ ਕਾਨੂੰਨ ਦੇ ਦਾਇਰੇ ਵਿੱਚ ਆਉਣਾ ਚਾਹੁੰਦੇ ਹਨ, ਨੂੰ ਪਹਿਲਾਂ ਹੀ ਇਹ ਦੱਸਿਆ ਜਾ ਚੁੱਕਿਆ ਸੀ ਕਿ ਜੇ ਉਹ 17 ਅਕਤੂਬਰ ਤੋਂ ਪਹਿਲਾਂ ਆਪਣਾ ਕੰਮ ਬੰਦ ਕਰ ਦਿੰਦੇ ਹਨ ਤਾਂ ਉਹ ਰੀਟੇਲ ਲਾਇਸੰਸ ਲਈ ਅਪਲਾਈ ਕਰ ਸਕਦੇ ਹਨ।

## ਫੈਡਰਲ ਕਾਰਬਨ ਪਲੈਨ ਤੋਂ ਦਿੱਤੀ ਜਾਣ ਵਾਲੀ ਛੋਟ ਬਾਰੇ ਐਲਾਨ ਕਰਨਗੇ ਟਰੂਡੋ ਤੇ ਮੈਕੇਨਾ

...ਪੰਨਾ 3 ਦਾ ਬਾਕੀ

ਬ੍ਰਿਟਿਸ਼ ਕੋਲੰਬੀਆ, ਅਲਬਰਟਾ ਤੇ ਕਿਊਬਿਕ ਫੈਡਰਲ ਸਰਕਾਰ ਵੱਲੋਂ ਪਹਿਲੀ ਜਨਵਰੀ ਤੋਂ ਕਾਰਬਨ ਟੈਸਨ ਲਾਉਣ ਦੀ ਸਮਾਂ ਸੀਮਾ ਉੱਤੇ ਪੂਰੇ ਉਤਰਨ ਦੀ ਕੋਸ਼ਿਸ਼ ਕਰ ਰਹੇ ਹਨ ਤੇ ਇੱਥੇ ਇੱਕ ਟਨ ਪਿੱਛੇ 20 ਡਾਲਰ ਕਾਰਬਨ ਟੈਕਸ ਵਸੂਲਿਆ ਜਾਵੇਗਾ। ਪ੍ਰਿੰਸ ਐਡਵਰਡ ਆਈਲੈਂਡ ਵੱਲੋਂ ਵੀ ਫੈਡਰਲ ਸਰਕਾਰ ਦੇ ਹਿਸਾਬ ਨਾਲ ਕਾਰਬਲ ਟੈਕਸ ਵਸੂਲਿਆ ਜਾਵੇਗਾ। ਨੋਵਾ ਸਕੋਸ਼ੀਆ ਨੇ ਆਪਣਾ ਕੈਪ ਐਂਡ ਟਰੇਡ ਸਿਸਟਮ ਪਿਛਲੇ ਸਾਲ ਐਲਾਨ ਦਿੱਤਾ ਸੀ ਤੇ ਨਿਊਫਾਊਂਡਲੈਂਡ ਦਾ ਕਾਰਬਨ ਪਲੈਨ ਅਜੇ ਵੀ ਸੀਕ੍ਰੇਟ ਰੱਖਿਆ ਜਾ ਰਿਹਾ ਹੈ।

ਕਾਰਬਨ ਟੈਕਸ ਲਾ ਕੇ ਇੱਕਠੀ ਕੀਤੀ ਜਾਣ ਵਾਲੀ ਰਕਮ ਕਾਫੀ ਮਾਇਨੇ ਰੱਖਦੀ ਹੈ। ਅਲਬਰਟਾ ਇਸ ਸਾਲ ਕਾਰਬਨ ਟੈਕਸ ਤੋਂ 1.4 ਬਿਲੀਅਨ ਡਾਲਰ ਇੱਕਠੇ ਕਰਨ ਦੀ ਉਮੀਦ ਲਾਈ ਬੈਠਾ ਹੈ ਤੇ ਇੱਥੇ ਇੱਕ ਟੰਨ ਪਿੱਛੇ 30 ਡਾਲਰ ਕਾਰਬਨ ਟੈਕਸ ਵਸੂਲਿਆ ਜਾਵੇਗਾ। ਟਰੂਡੋ ਵੱਲੋਂ ਇਹ ਵਾਅਦਾ ਵੀ ਕੀਤਾ ਗਿਆ ਹੈ ਕਿ ਕਾਰਬਨ ਟੈਕਸ ਤੋਂ ਹੋਣ ਵਾਲੀ ਆਮਦਨ ਸਬੰਧਤ ਪ੍ਰੋਵਿੰਸ ਦੇ ਲੋਕਾਂ ਨੂੰ ਮੋੜ ਦਿੱਤੀ ਜਾਵੇਗੀ।

## ਮਿਸੀਸਾਗਾ ਵਿੱਚ ਮੇਅਰ ਬੌਨੀ ਕਰੌਂਬੀ ਦੀ ਮੁੜ ਜਿੱਤ

...ਪੰਨਾ 1 ਦਾ ਬਾਕੀ

ਮਿਸੀਸਾਗਾ ਵਿੱਚ ਸਿਟੀ ਕਾਉਂਸਲ ਲਈ ਦੋ ਹੋਰ ਨਤੀਜੇ ਦਿਲਚਸਪ ਰਹੇ। ਵਾਰਡ ਨੰਬਰ 7 ਤੋਂ ਸਾਬਕਾ ਲਿਬਰਲ ਐਮ ਪੀ ਪੀ ਅਤੇ ਭਾਰਤੀ ਮੂਲ ਦੀ ਉਮੀਦਵਾਰ ਦੀਪਿਕਾ ਦਰਮੇਲਾ ਨੇ ਚੋਣ ਜਿੱਤੀ ਹੈ ਜਦੋਂ ਕਿ ਵਾਰਡ ਨੰਬਰ 1 ਤੋਂ ਸਾਬਕਾ ਕੰਜ਼ਰਵੇਟਿਵ ਐਮ ਪੀ ਬਰੈਡ ਬੱਟ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਹੈ। ਬਾਕੀ ਸਾਰੇ ਵਾਰਡਾਂ ਵਿੱਚ ਆਸ ਮੁਤਾਬਕ ਮੌਜੂਦਾ ਕਾਉਂਸਲਰ ਦੁਬਾਰਾ ਚੁਣੇ ਗਏ ਹਨ।

## 1984 ਦੇ ਪੀੜਤਾਂ ਨੂੰ ਇਨਸਾਫ ਦੁਆਉਣ ਲਈ 1 ਨਵੰਬਰ ਨੂੰ ਤਖਤ ਸਹਿਬਾਨਾਂ 'ਤੇ ਅਰਦਾਸ ਦਿਵਸ ਹੋਣਗੇ



ਚੰਡੀਗੜ੍ਹ, 22 ਅਕਤੂਬਰ (ਪੋਸਟ ਬਿਊਰੋ): ਸ਼੍ਰੋਮਣੀ ਅਕਾਲੀ ਦਲ ਦੀ ਕੱਲ ਦੇਰ ਰਾਤ ਤੱਕ ਚੱਲੀ ਕੋਰ ਕਮੇਟੀ ਦੀ ਮੀਟਿੰਗ ਜਿਸ ਦੀ ਪ੍ਰਧਾਨਗੀ ਦਲ ਦੇ ਸਰਪ੍ਰਸਤ ਪਰਕਾਸ਼ ਸਿੰਘ ਬਾਦਲ ਅਤੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੀਤੀ ਨੇ ਨਵੰਬਰ 1984 ਵਿੱਚ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਸਿੱਖਾਂ ਦੇ ਹੋਏ ਵਹਿਸ਼ੀਆਨਾ ਕਤਲੇਆਮ ਉਪਰ ਗੰਭੀਰ ਚਰਚਾ ਕਰਦੇ ਹੋਏ ਪੀੜਤ ਪਰਿਵਾਰਾਂ ਨੂੰ ਹਾਲੇ ਤੱਕ ਇਨਸਾਫ ਨਾ ਮਿਲਣ ਉਪਰ ਗਹਿਰੀ ਚਿੰਤਾ ਅਤੇ ਰੋਹ ਦਾ ਪ੍ਰਗਟਾਵਾ ਕਰਦੇ ਹੋਏ ਇਹ ਫੈਸਲਾ ਕੀਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਗਤ ਦੇ ਸਹਿਯੋਗ ਦੇ ਨਾਲ 1 ਨਵੰਬਰ ਨੂੰ ਤਖਤ ਸਹਿਬਾਨਾਂ ਉਪਰ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾ ਕੇ ਅਰਦਾਸ ਦਿਵਸ ਕਰਵਾਏ ਜਾਣਗੇ। ਸ਼੍ਰੋਮਣੀ ਅਕਾਲੀ ਦਲ ਦੀ ਸਮੁੱਚੀ ਲੀਡਰਸ਼ਿਪ ਅਤੇ ਵਰਕਰ ਸਹਿਬਾਨ ਵੱਡੀ ਗਿਣਤੀ ਵਿੱਚ ਸਾਰੇ ਤਖਤ ਸਹਿਬਾਨਾਂ ਉਪਰ ਇਸ ਅਰਦਾਸ ਦਿਵਸ ਵਿੱਚ ਸ਼ਮੂਲੀਅਤ ਕਰਨਗੇ ਅਤੇ ਸੰਗਤ ਨੂੰ ਵੀ ਵੱਡੀ ਗਿਣਤੀ ਵਿੱਚ ਪਹੁੰਚਣ ਦੀ ਅਪੀਲ ਕਰਨਗੇ।

ਅੱਜ ਪਾਰਟੀ ਦੇ ਮੁੱਖ ਦਫਤਰ ਤੋਂ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਉਪਰੋਕਤ ਤੋਂ ਇਲਾਵਾ 3 ਨਵੰਬਰ ਨੂੰ ਦਿੱਲੀ ਦੇ ਜੰਤਰ-ਮੰਤਰ ਵਿਖੇ ਸਵੇਰੇ 11 ਵਜੇ ਤੋਂ ਲੈ ਕੇ ਦੁਪਿਹਰ 2 ਵਜੇ ਤੱਕ ਰੋਸ ਧਰਨਾ ਦਿੱਤਾ ਜਾਵੇਗਾ ਜਿਸ ਦੀ ਅਗਵਾਈ ਪਾਰਟੀ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਅਤੇ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕਰਨਗੇ। ਇਸ ਰੋਸ ਧਰਨੇ ਵਿੱਚ ਪਾਰਟੀ ਦੇ ਸਾਰੇ ਮੈਂਬਰ ਪਾਰਲੀਮੈਂਟ, ਵਿਧਾਇਕ, ਸਾਬਕਾ ਮੈਂਬਰ ਪਾਰਲੀਮੈਂਟ, ਸਾਬਕਾ ਵਿਧਾਇਕ, ਜਿਲਾ ਜਥੇਦਾਰ ਸਹਿਬਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਪਾਰਟੀ ਦੀ ਜਥੇਬੰਦੀ ਦੇ ਅਹੁਦੇਦਾਰ ਸਹਿਬਾਨ ਅਤੇ ਹੋਰ ਸਰਗਰਮ ਆਗੂ ਹਿੱਸਾ ਲੈਣਗੇ।

## ਬੰਦ ਪਈਆਂ ਖੰਡ ਮਿੱਲਾਂ ਨੂੰ ਮੁੜ ਸੁਰਜੀਤ ਕੀਤਾ ਜਾਵੇਗਾ : ਰੰਧਾਵਾ



ਚੰਡੀਗੜ, 22 ਅਕਤੂਬਰ (ਪੋਸਟ ਬਿਊਰੋ):ਪੰਜਾਬ ਸਰਕਾਰ ਵੱਲੋਂ ਘਾਟੇ ਵਿੱਚ ਜਾ ਰਹੀਆਂ ਸਹਿਕਾਰੀ ਖੰਡ ਮਿੱਲਾਂ ਨੂੰ ਪੰਜਾਬ ਦੇ ਵੱਖ-ਵੱਖ ਸਥਾਨਾਂ 'ਤੇ ਗੰਨੇ ਦੀ ਉਪਲੱਬਧਤਾ ਅਨੁਸਾਰ ਚੀਨੀ ਤੋਂ ਇਲਾਵਾ ਇਥਾਨੌਲ, ਬਿਜਲੀ, ਸ਼ਰਾਬ ਆਦਿ ਦਾ ਉਤਪਾਦਨ ਕਰਨ ਦੇ ਕੰਪਲੈਕਸਾਂ ਵਿੱਚ ਤਬਦੀਲ ਕੀਤਾ ਜਾਵੇਗਾ। ਇਹ ਫੈਸਲਾ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਗੰਨੇ ਅਤੇ ਚੀਨੀ ਦੇ ਖੇਤਰ ਵਿੱਚ ਉਤਪਾਦਨ ਵਧਾਉਣ ਲਈ ਨਵੀਂ ਨੀਤੀ ਅਤੇ ਸੁਧਾਰ ਲਿਆਉਣ ਸਬੰਧੀ ਸਿਫਾਰਸ਼ਾਂ ਦੇਣ ਲਈ ਬਣਾਈ ਕੈਬਨਿਟ ਸਬ-ਕਮੇਟੀ ਦੀ ਮੀਟਿੰਗ ਵਿੱਚ ਲਿਆ ਗਿਆ। ਇਹ ਮੀਟਿੰਗ ਅੱਜ ਇਥੇ ਪੰਜਾਬ ਸਿਵਲ ਸਕੱਤਰੇਤ-1 ਵਿਖੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਪੇਂਡੂ ਵਿਕਾਸ ਤੇ ਪੰਚਾਇਤ ਅਤੇ ਸ਼ਹਿਰੀ ਵਿਕਾਸ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਸਹਿਕਾਰਤਾ ਤੇ ਜੇਲ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਸਹਿਕਾਰੀ ਸਭਾਵਾਂ ਦੇ ਰਜਿਸਟਰਾਰ ਵਿਕਾਸ ਗਰਗ, ਸ਼ੂਗਰਫੈਡ ਦੇ ਪ੍ਰਬੰਧਕੀ ਨਿਰਦੇਸ਼ਕ ਦਵਿੰਦਰ ਸਿੰਘ ਅਤੇ ਗੰਨਾ ਕਮਿਸ਼ਨਰ ਜਸਵੰਤ ਸਿੰਘ ਵੀ ਹਾਜ਼ਰ ਸਨ।

ਮੀਟਿੰਗ ਦੇ ਵੇਰਵੇ ਦਿੰਦਿਆਂ ਸਹਿਕਾਰਤਾ ਮੰਤਰੀ ਰੰਧਾਵਾ ਨੇ ਦੱਸਿਆ ਕਿ ਅੱਜ ਦੀ ਮੀਟਿੰਗ ਲਈ ਉਚੇਚੇ ਤੌਰ 'ਤੇ ਬੁਲਾਏ ਗਏ ਨੈਸ਼ਨਲ ਫੈਡਰੇਸ਼ਨ ਆਫ ਕੋਆਪਰੇਟਿਵ ਸ਼ੂਗਰ ਫੈਕਟਰੀਜ਼, ਨਵੀਂ ਦਿੱਲੀ ਦੇ ਪ੍ਰਬੰਧਕੀ ਨਿਰਦੇਸ਼ਕ ਪ੍ਰਕਾਸ਼ ਨਾਇਕਨਵਾਰੇ ਦੇਸ਼ ਵਿੱਚ ਖੰਡ ਸਨਅਤ ਦੀ ਮੌਜੂਦਾ ਸਥਿਤੀ ਅਤੇ ਕੇਂਦਰ ਸਰਕਾਰ ਵਲੋਂ ਇਥਾਨੋਲ ਆਦਿ ਲਈ ਜਾਰੀ ਨੀਤੀ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ। ਮੌਜੂਦਾ ਨੀਤੀਆਂ ਅਤੇ ਪ੍ਰਸਥਿਤੀਆਂ ਦੇ ਮੱਦੇਨਜ਼ਰ ਪੰਜਾਬ ਦੀਆਂ ਸਹਿਕਾਰੀ ਖੰਡ ਮਿੱਲਾਂ ਨੂੰ ਵਿੱਤੀ ਪੱਖੋਂ ਸਵੈ-ਨਿਰਭਰ ਬਣਾਉਣ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਸਬੰਧੀ ਯੋਜਨਾ ਬਾਰੇ ਵਿਚਾਰ ਉਪਰੰਤ ਰਾਜ ਵਿਚਲੀਆਂ ਘਾਟੇ ਵਿੱਚ ਚੱਲ ਰਹੀਆਂ ਸਹਿਕਾਰੀ ਖੰਡ ਮਿੱਲਾਂ ਦੀ ਵਿੱਤੀ ਹਾਲਤ ਵਿੱਚ ਸੁਧਾਰ ਕਰਨ ਲਈ ਇਨਾਂ ਦੇ ਆਧੁਨਿਕੀਕਰਨ, ਡਿਸਟਿਲਰੀ ਸਥਾਪਤ ਕਰਕੇ ਇਥਾਨੋਲ ਦਾ ਉਤਪਾਦਨ ਅਤੇ ਕੋ-ਜਨਰੇਸ਼ਨ ਪਲਾਂਟ ਲਗਾਉਣ ਆਦਿ ਸਬੰਧੀ ਯੋਜਨਾਂ ਨੂੰ ਪ੍ਰਵਾਨ ਕੀਤਾ ਗਿਆ।

ਰੰਧਾਵਾ ਨੇ ਦੱਸਿਆ ਕਿ ਇਸ ਯੋਜਨਾ ਤਹਿਤ ਗੁਰਦਾਸਪੁਰ ਵਿਖੇ 5000 ਟੀ.ਸੀ.ਡੀ ਦੀ ਸਮਰੱਥਾ ਵਾਲਾ ਅਤਿ-ਆਧੁਨਿਕ ਸ਼ੂਗਰ ਪਲਾਂਟ ਅਤੇ 100 ਕੇ.ਐਲ.ਪੀ.ਡੀ ਦੀ ਸਮਰੱਥਾ ਡਿਸਟਿਲਰੀ ਦੀ ਸਥਾਪਨਾ ਕੀਤੀ ਜਾਵੇਗੀ ਜਿਸ ਵਿੱਚ ਚੀਨੀ ਦੇ ਉਤਪਾਦਨ ਤੋਂ ਇਲਾਵਾ ਇਥਾਨੋਲ ਅਤੇ ਬਿਜਲੀ ਦਾ ਉਤਪਾਦਨ ਵੀ ਕੀਤਾ ਜਾਵੇਗਾ। ਇਸ ਦੇ ਨਾਲ ਹੀ ਬਟਾਲਾ ਵਿਖੇ 3500 ਟੀ.ਸੀ.ਡੀ ਦੀ ਸਮਰਥਾ ਜਿਸ ਵਿੱਚ 5000 ਟੀ.ਸੀ.ਡੀ ਤੱਕ ਵਾਧੇ ਦਾ ਪ੍ਰਾਵਧਾਨ ਹੋਵੇ, ਦਾ ਆਧੁਨਿਕ ਸ਼ੂਗਰ ਪਲਾਂਟ ਸਥਾਪਿਤ ਕੀਤਾ ਜਾਵੇਗਾ ਜਿਸ ਵਿਚ ਚੀਨੀ ਤੋਂ ਇਲਾਵਾ ਬਿਜਲੀ ਦਾ ਉਤਪਾਦਨ ਵੀ ਕੀਤਾ ਜਾਵੇਗਾ। ਅਜਨਾਲਾ ਅਤੇ ਮੋਰਿੰਡਾ ਸਹਿਕਾਰੀ ਖੰਡ ਮਿਲਾਂ ਦੇ ਆਧੁਨਿਕੀਕਰਨ ਦੀ ਵੀ ਤਜਵੀਜ਼ ਹੈ। ਇਸ ਨਾਲ ਹੀ ਬੰਦ ਪਈਆਂ ਸਹਿਕਾਰੀ ਖੰਡ ਮਿਲਾਂ ਤਰਨ-ਤਾਰਨ, ਜ਼ੀਰਾ ਅਤੇ ਪਟਿਆਲਾ ਨੂੰ ਨਿੱਜੀ ਖੇਤਰ ਦੇ ਸਹਿਯੋਗ ਨਾਲ ਮੁੜ ਚਾਲੂ ਕਰਨ ਲਈ ਉਪਰਾਲੇ ਕਰਨ ਸਬੰਧੀ ਵੀ ਫੈਸਲਾ ਲਿਆ ਗਿਆ।

ਸਹਿਕਾਰਤਾ ਮੰਤਰੀ ਨੇ ਦੱਸਿਆ ਕਿ ਮੀਟਿੰਗ ਵਿੱਚ ਪੰਜਾਬ ਦੇ ਕਿਸਾਨਾਂ ਨੂੰ ਗੰਨੇ ਦੀਆਂ ਵੱਧ ਝਾੜ ਦੇਣ ਵਾਲੀਆਂ ਕਿਸਮਾਂ ਜਿਨਾਂ ਵਿੱਚ ਖੰਡ ਦੀ ਮਾਤਰਾ ਵਧੇਰੇ ਹੋਵੇ, ਉਪਲੱਬਧ ਕਰਵਾਉਣ ਲਈ ਖੇਤੀਬਾੜੀ ਵਿਭਾਗ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਗੰਨਾ ਕਮਿਸ਼ਨਰ ਅਤੇ ਸ਼ੂਗਰਫੈਡ ਨੂੰ ਕੇਂਦਰੀ ਖੋਜ ਸੰਸਥਾਵਾਂ ਨਾਲ ਮਿਲ ਕੇ ਸਾਂਝੇ ਉਪਰਾਲੇ ਕਰਨ ਲਈ ਯੋਜਨਾ ਤਿਆਰ ਕਰਨ ਲਈ ਵੀ ਫੈਸਲਾ ਲਿਆ ਗਿਆ। ਗੰਨੇ ਦੇ ਵੱਧ ਝਾੜ ਅਤੇ ਖੰਡ ਦੀ ਵਧੇਰੇ ਮਾਤਰਾ ਵਾਲੀਆਂ ਕਿਸਮਾਂ ਗੰਨਾ ਕਾਸ਼ਤਕਾਰਾਂ ਅਤੇ ਸਹਿਕਾਰੀ ਖੰਡ ਮਿੱਲਾਂ ਦੀ ਵਿੱਤੀ ਹਾਲਤ ਸੁਧਾਰਨ ਵਿੱਚ ਮੱਦਦਗਾਰ ਸਾਬਤ ਹੋਣਗੀਆਂ। ਸ. ਰੰਧਾਵਾ ਨੇ ਕਿਹਾ ਕਿ ਮੀਟਿੰਗ ਵਿੱਚ ਇਹ ਵੀ ਗੱਲ ਕੀਤੀ ਗਈ ਕਿ ਜ਼ਿਆਦਾਤਰ ਖੰਡ ਮਿੱਲਾਂ ਸਰਹੱਦੀ ਖੇਤਰਾਂ ਵਿੱਚ ਹਨ ਅਤੇ ਇਨਾਂ ਖੇਤਰਾਂ ਦੇ ਆਰਥਿਕ ਵਿਕਾਸ ਵਿੱਚ ਇਹ ਖੰਡ ਮਿੱਲਾਂ ਬਹੁਤ ਅਹਿਮ ਰੋਲ ਨਿਭਾ ਸਕਦੀਆਂ ਹਨ ਜਿਸ ਕਾਰਨ ਇਨਾਂ ਦੇ ਆਧੁਨਿਕੀਕਰਨ ਰਾਹੀਂ ਇਨਾਂ ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ।












# ਭਾਰਤ-ਪਾਕਿ ਸੰਬੰਧ ਅਤੇ ਨਵਜੋਤ ਸਿੱਧੂ

-ਕਰਣ ਥਾਪਰ

ਮੇਰੇ ਵਿੱਚ ਕਹਿਣ ਦੀ ਹਿੰਮਤ ਹੈ ਕਿ ਨਵਜੋਤ ਸਿੰਘ ਸਿੱਧੂ ਵਿਵਾਦਾਂ ਨੂੰ ਸੱਦਾ ਦਿੰਦੇ ਹਨ। ਅਜਿਹਾ ਲੱਗਦਾ ਹੈ ਕਿ ਉਹ ਯਕੀਨੀ ਤੌਰ ਉੱਤੇ ਇਸ ਦਾ ਆਨੰਦ ਮਾਣਦੇ ਹਨ।

ਇਮਰਾਨ ਖਾਨ ਦੇ ਸਹੁੰ ਚੁੱਕ ਸਮਾਗਮ ਵਿੱਚ ਪਾਕਿ-ਸਤਾਨ ਦੀ ਫੌਜ ਦੇ ਮੁਖੀ ਨਾਲ ਜੱਫੀ ਪਾਉਣ ਤੋਂ ਬਾਅਦ ਹੋਏ ਹੰਗਾਮੇ ਮਗਰੋਂ ਨਵਜੋਤ ਸਿੱਧੂ ਨੇ ਕਸੌਲੀ ਵਿੱਚ ਆਪਣੀਆਂ ਟਿੱਪਣੀਆਂ ਨਾਲ ਇੱਕ ਨਵਾਂ ਵਿਵਾਦ ਖੜ੍ਹਾ ਕਰ ਦਿੱਤਾ ਹੈ, ਪਰ ਇਸ ਵਾਰ ਮੇਰਾ ਮੰਨਣਾ ਹੈ ਕਿ ਸਿੱਧੂ ਸਹੀ ਹਨ ਤੇ ਉਨ੍ਹਾਂ ਦੇ ਆਲੋਚਕ ਗਲਤ।

ਨਵਜੋਤ ਸਿੱਧੂ ਨੇ ਕਸੌਲੀ ਵਿੱਚ ਇਕੱਠੇ ਹੋਏ ਸਰੋਤਿਆਂ, ਜਿਨ੍ਹਾਂ ਵਿੱਚ ਸਥਾਨਕ ਲੋਕ ਥੋੜ੍ਹੇ, ਪਰ ਚੰਡੀਗੜ੍ਹ ਅਤੇ ਪੰਜਾਬ ਤੋਂ ਵੱਡੀ ਗਿਣਤੀ 'ਚ ਆਏ ਲੋਕ ਸ਼ਾਮਲ ਸਨ, ਨੂੰ ਕਿਹਾ ਕਿ ਉਨ੍ਹਾਂ (ਸਿੱਧੂ) ਵਰਗੇ ਲੋਕ ਦੱਖਣ ਭਾਰਤੀ ਰਾਜਾਂ ਦੀ ਬਜਾਏ ਪਾਕਿਸਤਾਨ ਨਾਲ ਜ਼ਿਆਦਾ ਲਗਾਓ ਮਹਿਸੂਸ ਕਰਦੇ ਹਨ। ਉਨ੍ਹਾਂ ਕਿਹਾ ਕਿ ਜਦੋਂ ਉਹ ਤਾਮਿਲ ਨਾਡੂ ਜਾਂਦੇ ਹਨ ਤਾਂ ਉਨ੍ਹਾਂ ਨੂੰ ਉਥੋਂ ਦੀ ਭਾਸ਼ਾ ਸਮਝ ਨਹੀਂ ਆਉਂਦੀ, ਸਿਰਫ ਇੱਕ-ਦੋ ਸ਼ਬਦ ਹੀ ਸਮਝ ਪੈਂਦੇ ਹਨ। ਅਜਿਹਾ ਨਹੀਂ ਹੈ ਕਿ ਉਹ ਉਥੋਂ ਦੇ ਖਾਣ-ਪੀਣ ਨੂੰ ਪਸੰਦ ਨਹੀਂ ਕਰਦੇ, ਪਰ ਜ਼ਿਆਦਾ ਸਮੇਂ ਤੱਕ ਨਹੀਂ ਖਾ-ਪੀ ਸਕਦੇ। ਉਥੋਂ ਦਾ ਕਲਚਰ ਪੂਰੀ ਤਰ੍ਹਾਂ ਵੱਖਰਾ ਹੈ। ਫਿਰ ਉਨ੍ਹਾਂ ਕਿਹਾ ਕਿ ਜਦੋਂ ਉਹ ਪਾਕਿਸਤਾਨ ਜਾਂਦੇ ਹਨ ਤਾਂ ਉਥੇ ਭਾਸ਼ਾ ਇੱਕੋ ਜਿਹੀ ਹੈ।

ਇਹ ਗੱਲ ਅਕਾਲੀ ਦਲ ਨੂੰ ਗੁੱਸਾ ਦਿਵਾਉਣ ਲਈ ਕਾਫੀ ਸੀ, ਜਿਸ ਨੇ ਇਸ ਨੂੰ 'ਦੇਸ਼ ਲਈ ਇੱਕ ਅਪਮਾਨ' ਆਖਿਆ। ਇਸ ਗੱਲ ਨੇ ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਨੂੰ ਵੀ ਗੁੱਸਾ ਲਿਆ ਦਿੱਤਾ, ਜਿਨ੍ਹਾਂ ਨੇ ਸੁਝਾਅ ਦਿੱਤਾ ਕਿ ਸਿੱਧੂ ਨੂੰ ਪਾਕਿਸਤਾਨ ਦੀ ਕੈਬਨਿਟ ਵਿੱਚ ਸ਼ਾਮਲ ਹੋ ਜਾਣਾ ਚਾਹੀਦਾ ਹੈ।

ਸੱਚ ਇਹ ਹੈ ਕਿ ਪੰਜਾਬ ਵਰਗੇ ਸੂਬੇ ਤੇ ਹਰਿਆਣਾ, ਹਿਮਾਚਲ, ਰਾਜਸਥਾਨ, ਉਤਰਖੰਡ ਵਰਗੇ ਰਾਜਾਂ ਦੇ ਮਾਮਲੇ ਵਿੱਚ ਵੀ ਇਹ ਗੱਲ ਸੱਚ ਹੋ ਸਕਦੀ ਹੈ, ਜਿਨ੍ਹਾਂ ਦੀ ਭਾਸ਼ਾ, ਖਾਣ-ਪੀਣ, ਕਲਚਰ, ਰਹਿਣ-ਸਹਿਣ, ਇਥੋਂ ਤੱਕ ਕਿ ਹੱਦਾਂ ਦੇ ਆਰ-ਪਾਰ ਗਾਲ੍ਹ ਕੱਢਣ ਦਾ ਤਰੀਕਾ ਵੀ ਲਗਭਗ ਇੱਕੋ ਜਿਹਾ ਹੈ। ਇਹ ਖਾਸ ਤੌਰ ਉੱਤੇ ਦੋ ਪੰਜਾਬਾਂ ਬਾਰੇ ਸੱਚ ਹੈ-ਇੱਕ ਸਾਡਾ ਤੇ ਦੂਜਾ ਪਾਕਿਸਤਾਨ ਦਾ। ਇਹ ਇਤਿਹਾਸਕ ਅਤੇ ਭੂਗੋਲਿਕ ਤੌਰ ਉਤੇ ਜੁੜੇ ਹੋਏ ਹਨ, ਜਿਨ੍ਹਾਂ ਨੂੰ ਉਂਝ ਹੀ ਰੱਦ ਨਹੀਂ ਕੀਤਾ ਜਾ ਸਕਦਾ। ਇਹ ਕੁਝ ਲੋਕਾਂ ਲਈ ਸਿਆਸੀ ਤੌਰ 'ਤੇ ਅਸਹਿਜ ਹੋ ਸਕਦੇ ਹਨ, ਪਰ ਅਜਿਹੇ ਤੱਥ ਬਣੇ ਰਹਿਣਗੇ, ਜਿਨ੍ਹਾਂ ਤੋਂ ਤੁਸੀਂ ਦੂਰ ਨਹੀਂ ਜਾਣਾ ਚਾਹੋਗੇ। ਇਸ ਦੇ ਉਲਟ ਭਾਸ਼ਾ, ਖਾਣ-ਪੀਣ, ਕਲਚਰ ਅਤੇ ਰਹਿਣ-ਸਹਿਣ ਦਾ ਤਰੀਕਾ ਪੰਜਾਬ ਨੂੰ ਤਾਮਿਲ ਨਾਡੂ, ਕੇਰਲਾ, ਕਰਨਾਟਕ, ਆਂਧਰਾ ਪ੍ਰਦੇਸ਼, ਤੇਲੰਗਾਨਾ ਨਾਲੋਂ ਅੱਡ ਕਰਦਾ ਹੈ ਤੇ ਇਸ ਤੋਂ ਇੱਕ ਵਾਰ ਫਿਰ ਇਨਕਾਰ ਨਹੀਂ ਕੀਤਾ ਜਾ ਸਕਦਾ।

ਯਕੀਨੀ ਤੌਰ ਉੱਤੇ ਅਸੀਂ ਇੱਕ ਦੇਸ਼ ਹਾਂ ਤੇ ਸਾਨੂੰ ਇਸ ਉੱਤੇ ਮਾਣ ਹੈ, ਪਰ ਅਸੀਂ ਵੱਖ-ਵੱਖ ਲੋਕ ਵੀ ਹਾਂ। ਕੀ ਇਹੋ ਏਕਤਾ ਵਿੱਚ ਅਨੇਕਤਾ ਨਹੀਂ ਹੈ? ਇਹੋ ਵੰਨ-ਸੁਵੰਨਤਾ ਭਾਰਤ ਦੀ ਖੁਸ਼ਹਾਲੀ ਹੈ, ਇਸ ਦੀ ਨਵੀਨਤਾ ਹੈ।

ਇਸ ਗੱਲ ਉੱਤੇ ਜ਼ੋਰ ਦੇਣਾ ਕਿ ਜਦੋਂ ਸਿੱਧੂ ਆਪਣੇ ਭਾਰਤੀ ਨਾਗਰਿਕਾਂ, ਜੋ ਤਮਿਲ, ਕੰਨੜ, ਮਿਆਲੀ ਹਨ, ਦੀ ਥਾਂ ਪਾਕਿਸਤਾਨੀਆਂ ਨਾਲ ਜ਼ਿਆਦਾ ਲਗਾਓ ਮਹਿਸੂਸ ਕਰਦੇ ਹਨ ਤਾਂ ਦੇਸ਼ ਦਾ ਅਪਮਾਨ ਕਰਦੇ ਹਨ, ਇਹ ਇਸ ਤੱਥ ਨੂੰ ਵੀ ਨਜ਼ਰ ਅੰਦਾਜ਼ ਕਰਦਾ ਹੈ ਕਿ ਪਾਕਿਸਤਾਨ ਇੱਕ ਸਮੇਂ ਭਾਰਤ ਦਾ ਹਿੱਸਾ ਸੀ ਤੇ ਇਸ ਦਾ ਪੰਜਾਬ ਸੂਬਾ ਮੂਲ ਪੰਜਾਬ ਦਾ ਹਿੱਸਾ ਸੀ।

ਯਕੀਨੀ ਤੌਰ ਉਤੇ ਬਹੁਤ ਸਾਰੇ ਲੋਕ ਜੋ ਅੱਜ ਭਾਰਤ ਵਿੱਚ ਰਹਿੰਦੇ ਹਨ, ਕਈ ਪੀੜ੍ਹੀਆਂ ਤੱਕ ਪੰਜਾਬ ਦੇ ਦੂਜੇ ਹਿੱਸੇ ਵਿੱਚ ਰਹੇ ਹਨ। ਉਨ੍ਹਾਂ ਦੀਆਂ ਪਰਵਾਰਕ ਯਾਦਾਂ ਤੇ ਭਾਵਨਾਤਮਕ ਸੰਬੰਧ ਹਨ, ਜਿਨ੍ਹਾਂ ਨੂੰ ਉਹ ਧੁੰਦਲਾ ਨਹੀਂ ਹੋਣ ਦੇ ਸਕਦੇ। ਇੱਕ ਵਾਰ ਫਿਰ ਇਹ ਉਹ ਤੱਥ ਹੈ ਜਿਸ ਤੋਂ ਇਨਕਾਰ ਜਾਂ ਇਹ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ।

ਅਸਲ ਵਿੱਚ ਇਹੋ ਵਜ੍ਹਾ ਹੈ ਕਿ ਪਾਕਿਸਤਾਨ ਨਾਲ ਸਾਡੀਆਂ ਸਮੱਸਿਆਵਾਂ ਨੂੰ ਦੱਖਣ ਦੇ ਮੁਕਾਬਲੇ ਉਤਰ 'ਚ ਇੰਨੇ ਵੱਖਰੇ ਢੰਗ ਨਾਲ ਦੇਖਿਆ ਜਾ ਰਿਹਾ ਹੈ। ਯਕੀਨੀ ਤੌਰ ਉਤੇ ਇਸੇ ਕਾਰਨ ਬਹੁਤ ਸਾਰੇ ਪੰਜਾਬੀਆਂ ਲਈ ਪਾਕਿਸਤਾਨ ਦਾ ਮੁੱਦਾ ਆਮ ਤੌਰ ਉਤੇ ਆਪਾ-ਵਿਰੋਧੀ ਅਤੇ ਉਲਟ ਭਾਵਨਾ ਪੈਦਾ ਕਰਦਾ ਹੈ। ਅਸੀਂ ਜਾਣਦੇ ਹਾਂ ਕਿ ਸਾਡੇ ਵਿਚਾਲੇ ਇੱਕ ਸਮੱਸਿਆ ਹੈ ਤੇ ਇਹ ਵੀ ਜਾਣਦੇ ਹਾਂ ਕਿ ਉਹ ਗਲਤ ਹੈ, ਪਰ ਅਸੀਂ ਇਹ ਵੀ ਚਾਹੁੰਦੇ ਹਾਂ ਕਿ ਭਾਈਚਾਰੇ ਵਾਲੀ ਭਾਵਨਾ ਦੇ ਸੰਬੰਧਾਂ ਨੂੰ ਬਹਾਲ ਕੀਤਾ ਜਾਵੇ, ਜੋ ਇੱਕ ਸਮੇਂ ਸਾਂਝੇ ਪੰਜਾਬ ਵਿੱਚ ਮੌਜੂਦ ਸਨ।

ਆਖਿਰ ਵਿੱਚ ਨਵਜੋਤ ਸਿੱਧੂ ਦੇ ਆਲੋਚਕਾਂ ਨੂੰ ਕੀ ਇਹ ਵੀ ਲੱਗਦਾ ਹੈ ਕਿ ਜੋ ਉਨ੍ਹਾਂ ਨੇ ਕਿਹਾ, ਉਹ ਇਸ ਮਾਮਲੇ ਵਿੱਚ ਵੀ ਸੱਚ ਹੋ ਸਕਦਾ ਹੈ ਕਿ ਪਾਕਿਸਤਾਨੀ ਪੰਜਾਬੀ ਕਿਹੋ ਜਿਹਾ ਮਹਿਸੂਸ ਕਰਦੇ ਹਨ? ਉਹ ਸ਼ਾਇਦ ਆਪਣੀ ਪੂਰਬੀ ਸਰਹੱਦ ਦੇ ਪਾਰ ਖੁਦ ਨੂੰ ਲੋਕਾਂ ਦੇ ਵੱਧ ਨੇੜੇ ਮਹਿਸੂਸ ਕਰਦੇ ਹਨ, ਬਜਾਏ ਦੱਖਣ ਵਿੱਚ ਸਿੰਧੀਆਂ, ਪੱਛਮ 'ਚ ਬਲੋਚਾਂ ਤੇ ਇਥੋਂ ਤੱਕ ਉਤਰ ਵਿੱਚ ਪਠਾਣਾਂ ਦੇ।

ਭਾਰਤ-ਪਾਕਿ ਸੰਬੰਧਾਂ ਦੀਆਂ ਪੇਚੀਦਗੀਆਂ ਅਤੇ ਨਤੀਜੇ ਉਹ ਤੱਥ ਹਨ ਜਿਨ੍ਹਾਂ ਨੂੰ ਸਾਨੂੰ ਸਵੀਕਾਰ ਕਰਨਾ ਪਵੇਗਾ। ਉਨ੍ਹਾਂ ਨੂੰ ਲੈ ਕੇ ਲੜਨ ਦਾ ਕੋਈ ਫਾਇਦਾ ਨਹੀਂ।

# ਹੋਸਟਲ ਦੀਆਂ ਯਾਦਾਂ ਦਾ ਖਜ਼ਾਨਾ

-ਅਮਰਬੀਰ ਸਿੰਘ ਚੀਮਾ

1992 ਵਿੱਚ ਘਰੋਂ ਬਹੁਤ ਦੂਰ ਪੜ੍ਹਨ ਜਾਣ ਕਾਰਨ ਹੋਸਟਲ ਵਿੱਚ ਰਹਿਣ ਦਾ ਮੌਕਾ ਮਿਲਿਆ। ਉਸ ਸਮੇਂ ਪੰਜਾਬ ਵਿੱਚ ਇੰਜੀਨੀਅਰਿੰਗ ਤੇ ਬਹੁ ਤਕਨੀਕੀ ਕਾਲਜਾਂ ਦੀ ਗਿਣਤੀ ਬੜੀ ਘੱਟ ਸੀ। ਇਸ ਕਾਰਨ ਬਹੁ ਗਿਣਤੀ ਪੰਜਾਬੀ ਲੋਕ ਤਕਨੀਕੀ ਪੜ੍ਹਾਈ ਕਰਨ ਲਈ ਦੂਜੇ ਰਾਜਾਂ ਦੇ ਸ਼ਹਿਰਾਂ ਵਿੱਚ ਜਾਂਦੇ ਸਨ। ਇਨ੍ਹਾਂ ਵਿੱਚ ਕਰਨਾਟਕ ਸੂਬੇ ਦਾ ਬਿਦਰ ਸ਼ਹਿਰ ਵੀ ਇਕ ਹੈ। ਹੋਸਟਲ ਵਿੱਚ ਰਹਿ ਕੇ ਪੜ੍ਹਨਾ ਹਰ ਕਿਸੇ ਦੇ ਹਿੱਸੇ ਨਹੀਂ ਆਉਂਦਾ। ਕਿਸੇ ਵਿਦਿਆਰਥੀ ਦਾ ਹੋਸਟਲ ਵਿੱਚ ਰਹਿ ਕੇ ਪੜ੍ਹਨਾ ਉਸ ਨੂੰ ਆਤਮ ਨਿਰਭਰ ਬਣਾਉਣ ਵਿੱਚ ਬੜਾ ਸਹਾਈ ਹੁੰਦਾ ਹੈ। ਉਸ ਵੇਲੇ ਰੈਗਿੰਗ ਰੋਕਣ ਲਈ ਇੰਨੀ ਸਖਤੀ ਨਹੀਂ ਸੀ, ਪਰ ਕਾਲਜ ਦੇ ਪ੍ਰਿੰਸੀਪਲ ਰਿਟਾਇਰਡ ਫਲਾਇੰਗ ਲੈਫਟੀਨੈਂਟ ਦਾ ਕਾਲਜ ਵਿੱਚ ਪੂਰਾ ਦਬਦਬਾ ਸੀ। ਸਾਰੇ ਵਿਦਿਆਰਥੀ ਉਨ੍ਹਾਂ ਤੋਂ ਬੜਾ ਡਰਦੇ ਸਨ, ਫਿਰ ਵੀ ਰੈਗਿੰਗ ਨੂੰ ਜਾਣ ਪਛਾਣ ਦਾ ਨਾਂ ਦੇ ਕੇ ਸੀਨੀਅਰ ਵਿਦਿਆਰਥੀ ਨਵੇਂ ਵਿਦਿਆਰਥੀਆਂ ਨੂੰ ਤੰਗ ਕਰਦੇ ਰਹਿੰਦੇ ਸਨ। ਮੈਨੂੰ ਯਾਦ ਹੈ ਕਿ ਰੈਗਿੰਗ-ਨੁਮਾ ਜਾਣ ਪਛਾਣ ਤੋਂ ਅੱਕੇ ਹੋਇਆਂ ਨੇ ਅਸੀਂ ਟਾਇਲਟ ਗਏ ਸੀਨੀਅਰ ਮੁੰਡਿਆਂ ਨੂੰ ਬਾਹਰੋਂ ਕੁੰਡੀਆਂ ਲਾ ਕੇ ਉਪਰੋਂ ਪਾਣੀ ਦੀਆਂ ਬਾਲਟੀਆਂ ਸੁੱਟ ਕੇ ਭਿਉਂ ਦਿੱਤਾ ਸੀ। ਕਦੇ ਰਾਤ ਨੂੰ ਹੋਸਟਲ ਵਾਰਡਨ ਦੇ ਕਮਰੇ ਵਿੱਚ ਪਿਛਲੀ ਬਾਰੀ ਤੋਂ ਪਾਣੀ ਦੀ ਬਾਲਟੀ ਵਾਰਡਨ ਉਤੇ ਸੁੱਟ ਕੇ ਅੰਦਰ ਆ ਕੇ ਪੁੱਛਣਾ ਕਿ ਸਰ! ਆਹ ਤੁਹਾਡੇ 'ਤੇ ਪਾਣੀ ਕੀਹਨੇ ਸੁੱਟਿਆ ਹੈ। ਸਾਰੇ ਰਜਿਸਟਰ ਵੀ ਗਿੱਲੇ ਹੋ ਗਏ ਆਦਿ। ਉਦੋਂ ਮਨੋਰੰਜਨ ਦੇ ਸਾਧਨ ਸੀਮਿਤ ਜਿਹੇ ਸਨ, ਜਿਵੇਂ ਸਿਨੇਮਾ, ਟੈਲੀਵਿਜ਼ਨ ਜਾਂ ਗੀਤ ਸੁਣਨ ਲਈ ਡੈਕ ਵਗੈਰਾ ਹੀ ਸਨ। ਉਸ ਸਮੇਂ ਮੋਬਾਈਲ ਜਾਂ ਇੰਟਰਨੈਟ ਦਾ ਕਿਸੇ ਨਾ ਨਾਂ ਨਹੀਂ ਸੀ ਸੁਣਿਆ। ਸਾਡੇ ਕਾਲਜ ਦੇ ਹੋਸਟਲ ਦੇ ਨਾਲ ਹੀ ਗੁਰਦੁਆਰਾ ਸਾਹਿਬ ਦੀ ਲਾਇਬਰੇਰੀ ਬਣੀ ਹੋਈ ਸੀ। ਚੰਗੀ ਤਰ੍ਹਾਂ ਯਾਦ ਹੈ ਕਿ ਉਦੋਂ ਤੱਕ ਅਖਬਾਰਾਂ ਰੇਲ ਗੱਡੀ ਰਾਹੀਂ ਆਉਂਦੀਆਂ ਸਨ ਤੇ ਅੱਜ ਦੀ ਅਖਬਾਰ ਉਥੇ ਤੀਜੇ ਦਿਨ ਪਹੁੰਚਦੀ ਸੀ। ਤਿੰਨ ਦਿਨ ਪੁਰਾਣੀ ਅਖਬਾਰ ਪੜ੍ਹ ਕੇ ਹੀ ਪੰਜਾਬ ਦੀਆਂ ਖਬਰਾਂ ਜਾਂ ਹਾਲਾਤ ਦਾ ਪਤਾ ਲੱਗਦਾ ਸੀ। ਗੀਤ ਸੰਗੀਤ ਸੁਣਨ ਦੇ ਚਾਹਵਾਨ ਵਿਦਿਆਰਥੀਆਂ ਨੇ ਆਪਣੇ ਹੋਸਟਲ ਦੇ ਕਮਰਿਆਂ ਵਿੱਚ ਘੜਿਆਂ ਉਤੇ ਸਪੀਕਰ ਰੱਖੇ ਹੁੰਦੇ ਸੀ, ਜਿਹੜੇ ਵਾਕਮੈਨ ਨਾਲ ਐਂਪਲੀਫਾਇਰ ਰਾਹੀਂ ਕਨੈਕਟ ਕੀਤੇ ਹੁੰਦੇ ਸਨ। ਵਾਕਮੈਨ ਕਿਉਂਕਿ ਸਾਈਜ਼ ਵਿੱਚ ਬਹੁਤ ਛੋਟਾ ਹੁੰਦਾ ਸੀ, ਇਸ ਲਈ ਇਸ ਦੀ ਜ਼ਰੂਰਤ ਪੰਜਾਬ ਆਉਂਦੇ ਜਾਂਦੇ ਰੇਲਗੱਡੀ ਵਿੱਚ ਵੀ ਗਾਣੇ ਸੁਣਨ ਲਈ ਹੁੰਦੀ ਸੀ। ਉਸ ਸਮੇਂ ਉਦਾਸ ਗੀਤਾਂ ਦਾ ਜ਼ਿਆਦਾ ਬੋਲਬਾਲਾ ਸੀ। ਇਸ ਲਈ ਛੁੱਟੀ ਵਾਲੇ ਦਿਨ ਖਾਸ ਤੌਰ 'ਤੇ ਐਤਵਾਰ ਨੂੰ ਪੰਜਾਬ ਦੇ ਵੱਖ-ਵੱਖ ਉਦਾਸ ਗੀਤ ਗਾਉਣ ਵਾਲੇ ਗਾਇਕਾਂ ਦੇ ਗੀਤ ਸਾਰਾ-ਸਾਰਾ ਦਿਨ ਚੱਲਦੇ ਸਨ। ਕਿਸੇ ਐਤਵਾਰ ਨੂੰ ਪ੍ਰਿੰਸੀਪਲ ਸਰ ਅਚਾਨਕ ਹੋਸਟਲ ਵਿੱਚ ਛਾਪਾ ਮਾਰਦੇ। ਜਿਸ ਕਮਰੇ ਵਿੱਚ ਉਚੀ ਗਾਣੇ ਵੱਜਦੇ, ਉਹ ਸਾਰਾ ਸਟੀਰੀਓ ਸਿਸਟਮ ਚੁੱਕ ਕੇ ਆਪਣੇ ਨਾਲ ਲੈ ਜਾਂਦੇ ਸਨ। ਛੁੱਟੀਆਂ ਵਿੱਚ ਪੰਜਾਬ ਹੁੰਦਿਆਂ ਬਾਕੀ ਸਾਮਾਨ ਦੇ ਨਾਲ ਅਗਲੇ ਛੇ ਮਹੀਨੇ ਸੁਣਨ ਵਾਲੇ ਗੀਤਾਂ ਦੀਆਂ ਨਵੀਆਂ ਕੈਸੇਟਾਂ (ਰੀਲਾਂ) ਨਾਲ ਲਿਜਾਣਾ ਕਦੇ ਨਹੀਂ ਭੁੱਲਦੇ ਸੀ, ਕਿਉਂਕਿ ਬਿਦਰ ਵਿੱਚ ਪੰਜਾਬੀ ਗੀਤਾਂ ਦੀਆਂ ਰੀਲਾਂ ਬਹੁਤ ਘੱਟ ਮਿਲਦੀਆਂ ਸਨ। ਉਹ ਰੀਲਾਂ ਵੀ ਟਰੰਕਾਂ ਵਿੱਚ ਲੁਕੋ ਕੇ ਰੱਖਣੀਆਂ, ਫਿਰ ਵੀ ਕੋਈ ਮੁੰਡਾ ਕੈਸੇਟ ਮੰਗ ਕੇ ਲੈ ਜਾਂਦਾ ਤਾਂ ਉਹ ਵਾਪਸ ਮੋੜਨ ਦਾ ਨਾਂ ਨਹੀਂ ਲੈਂਦਾ ਸੀ।

ਐਤਵਾਰ ਵਾਲੇ ਦਿਨ ਜ਼ਿਆਦਾ ਮੁੰਡੇ ਹੋਸਟਲ ਦੀ ਸਿਖਰਲੀ ਮੰਜ਼ਿਲ 'ਤੇ ਪਾਣੀ ਵਾਲੀ ਵੱਡੀ ਟੈਂਕੀ 'ਤੇ ਚੜ੍ਹ ਕੇ ਹੀ ਕੱਪੜੇ ਧੋਂਦੇ ਹੁੰਦੇ ਸਨ। ਪਹਿਲਾਂ ਆਪਣੇ ਕਮਰੇ ਵਿੱਚ ਹੀ ਬਾਲਟੀ ਵਿੱਚ ਪਾਣੀ ਭਰ ਕੇ ਤੇ ਉਸ ਵਿੱਚ ਸਰਫ ਮਿਲਾ ਕੇ ਬੈਡ ਥੱਲੇ ਰੱਖੀ ਰੱਖਣੀ ਤੇ ਰੋਜ਼ ਉਸ ਵਿੱਚ ਕੱਪੜੇ ਸੁੱਟਦੇ ਰਹਿਣਾ। ਕਈ ਵਾਰ ਦਸ-ਦਸ ਦਿਨ ਲੰਘ ਜਾਂਦੇ ਸਨ। ਜਦੋਂ ਅਗਲੇ ਦਿਨ ਪਾਉਣ ਨੂੰ ਕੋਈ ਕੱਪੜਾ ਨਾ ਬਚਣਾ ਤਾਂ ਉਹ ਕੱਪੜੇ ਧੋ ਕੇ ਸੁੱਕਣੇ ਪਾਉਣੇ। ਸਾਡਾ ਹੋਸਟਲ ਬਿਦਰ ਦੇ ਗੁਰਦੁਆਰਾ ਨਾਨਕ ਝੀਰਾ ਸਾਹਿਬ ਦੇ ਬਿਲਕੁਲ ਨਾਲ ਸੀ। ਜਦੋਂ ਕਦੇ ਪੰਜਾਬ ਦੀ ਸੰਗਤ ਦਾ ਟਰੱਕ ਗੁਰਦੁਆਰਾ ਸਾਹਿਬ ਆਉਣਾ ਤਾਂ ਨਾਲ ਸੰਗਤ ਦੀ ਸੇਵਾ ਕਰਨ ਲਈ ਲੰਗਰ ਹਾਲ ਵਿੱਚ ਪਹੁੰਚ ਜਾਂਦੇ ਸੀ। ਦੇਰ ਰਾਤ ਤੱਕ ਪੜ੍ਹਦਿਆਂ ਜਦੋਂ ਭੁੱਖ ਲੱਗਣੀ ਤਾਂ ਫਿਰ ਰਾਤ ਨੂੰ ਲੰਗਰ ਆਪੇ ਥਾਲੀਆਂ ਵਿੱਚ ਪਾ ਕੇ ਛਕਣਾ। ਕਦੇ ਅੱਧੀ ਰਾਤ ਨੂੰ ਚਾਹ ਪੀਣ ਲਈ ਪੈਦਲ ਰੇਲਵੇ ਸਟੇਸ਼ਨ ਜਾਂਦੇ ਹੁੰਦੇ ਸੀ। ਛੁੱਟੀਆਂ ਤੋਂ ਬਾਅਦ ਕਾਲਜ ਖੁੱਲ੍ਹਣ 'ਤੇ ਜਦੋਂ ਹੋਸਟਲ ਪਹੁੰਚਣਾ ਤਾਂ ਮੁੰਡਿਆਂ ਨੇ ਬੈਗ ਫੋਲ ਕੇ ਪੰਜੀਰੀ ਜਾਂ ਪਿੰਨੀਆਂ ਦਾ ਨਾਲ ਦੀ ਨਾਲ ਹੀ ਭੋਗ ਪਾ ਦੇਣਾ ਅਤੇ ਬਾਕੀ ਆਚਾਰ ਜਾਂ ਦੇਸੀ ਘੀ ਹੌਲੀ-ਹੌਲੀ ਮੁੱਕਦਾ ਜਾਂਦਾ ਸੀ। ਮੈਸ ਵਿੱਚ ਜਾਣ ਸਮੇਂ ਅਚਾਰ ਤੇ ਘੀ ਨਾਲ ਲਿਜਾਣਾ ਨਾ ਭੁੱਲਦੇ। ਅਕਸਰ ਰਾਤ ਨੂੰ ਭੁੱਖ ਲੱਗਣ ਉਤੇ ਕਮਰੇ ਵਿੱਚ ਚੋਰੀ ਰੱਖੇ ਹੀਟਰ 'ਤੇ ਦੇਸੀ ਘੀ ਦਾ ਕੜਾਹ ਬਣਾ ਕੇ ਖਾਣਾ। ਬੇਸ਼ੱਕ ਕਮਰਿਆਂ ਦੇ ਦਰਵਾਜ਼ੇ ਬੰਦ ਕਰ ਲੈਂਦੇ ਸੀ, ਪਰ ਕੜਾਹ ਬਣਦੇ ਹੀ ਨਾਲ ਦੇ ਕਮਰਿਆਂ ਵਿੱਚ ਖੁਸ਼ਬੂ ਪੁੱਜ ਜਾਣ ਕਾਰਨ ਦੂਜੇ ਮੁੰਡਿਆਂ ਨੇ ਝੱਟ ਆ ਜਾਣਾ ਤੇ ਸਾਰਾ ਕੜਾਹ ਚਮਚਾ-ਚਮਚਾ ਹਿੱਸੇ ਆਉਂਦਾ ਸੀ। ਬਿਦਰ ਤੋਂ ਪੰਜਾਬ ਆਉਂਦਿਆਂ ਆਗਰਾ ਸਟੇਸ਼ਨ ਸਵੇਰੇ ਚਾਰ ਕੁ ਵਜੇ ਆਉਂਦਾ ਸੀ ਤੇ ਉਥੋਂ ਬਹੁਤ ਸਾਰੇ ਯਾਤਰੀ ਪੇਠਾ ਖਰੀਦਦੇ ਸਨ। ਉਨੀਂਦਰੇ ਵਿੱਚ ਯਾਤਰੀ ਪੇਠਾ ਆਪਣੇ ਸਾਮਾਨ ਦੇ ਕੋਲ ਰੱਖ ਕੇ ਸੌਂ ਜਾਂਦੇ ਤੇ ਉਨ੍ਹਾਂ ਦੇ ਸੌਂਦਿਆਂ ਸਾਰ ਬੈਠੇ ਮੁੰਡੇ ਸਾਰਾ ਪੇਠਾ ਖਾ ਜਾਂਦੇ।

ਇਕ ਵਾਰ ਦੀਵਾਲੀ ਵਾਲੀ ਰਾਤ ਅਸੀਂ ਉਥੇ ਸਾਂ। ਹੋਸਟਲ ਦੇ ਬਾਹਰ ਢਾਬੇ ਵਾਲਿਆਂ ਨੇ ਮਠਿਆਈਆਂ ਬਣਾਈਆਂ ਹੋਈਆਂ ਸਨ ਤੇ ਉਹ ਦੀਵਾਲੀ ਦੀ ਰਾਤ ਨੂੰ ਪੂਜਾ ਕਰਕੇ ਲਕਸ਼ਮੀ ਦੇ ਆਉਣ ਦੇ ਵਿਸ਼ਵਾਸ ਨਾਲ ਦੁਕਾਨਾਂ ਖੁੱਲ੍ਹੀਆਂ ਛੱਡ ਕੇ ਆਪਣੇ ਘਰ ਚਲੇ ਗਏ ਤੇ ਅਸੀਂ ਰਾਤ ਨੂੰ ਰਸਗੁੱਲੇ ਤੇ ਗੁਲਾਬ ਜਾਮਣਾਂ ਖਾ ਕੇ ਢਿੱਡ ਅਫਰਾ ਲਏ ਸਨ। ਸਭ ਤੋਂ ਵੱਧ ਲੁੱਟ ਅਤੇ ਭੁੱਖ ਖਾਣ ਪੀਣ ਦੇ ਸਾਮਾਨ ਦੀ ਹੁੰਦੀ ਸੀ। ਸਾਬਣ ਤੇ ਪੇਸਟ ਦੀ ਘਾਟ ਸਦਾ ਰਹਿੰਦੀ ਸੀ। ਜਿੰਨੀ ਵਾਰ ਮਰਜ਼ੀ ਨਵਾਂ ਲੈ ਲਈਏ, ਦੂਜੇ ਦਿਨ ਗਾਇਬ ਹੋ ਜਾਂਦਾ ਸੀ। ਸ਼ਾਮ ਨੂੰ ਕਾਲਜ ਤੋਂ ਬਾਅਦ ਘੰਟਿਆਂ ਬੱਧੀ ਗੁਰਦੁਆਰੇ ਦੇ ਨਾਲ ਵਾਲੇ ਢਾਬਿਆਂ 'ਚ ਬੈਠੇ ਚਾਹਾਂ ਪੀਂਦੇ ਰਹਿਣਾ। ਜਦੋਂ ਗੁਰਦੁਆਰਾ ਸਾਹਿਬ ਵਿਖੇ ਕਿਸੇ ਮੁੰਡੇ ਦੇ ਰਿਸ਼ਤੇਦਾਰ ਜਾਂ ਜਾਣੂ ਨੇ ਆਉਣਾ ਤਾਂ ਉਹਦੇ ਨਾਲ ਜ਼ਿਆਦਾ ਚਾਅ ਦੋਸਤਾਂ ਨੂੰ ਚੜ੍ਹ ਜਾਂਦਾ ਸੀ, ਕਿਉਂਕਿ ਉਸ ਰਿਸ਼ਤੇਦਾਰ ਦੀ ਸੇਵਾ ਦੇ ਨਾਲ ਦੋਸਤਾਂ ਦੀਆਂ ਵੀ ਖਾਣ ਪੀਣ ਦੀਆਂ ਪੌਂ ਬਾਰਾਂ ਹੋ ਜਾਂਦੀਆਂ। ਜੇ ਕਦੇ ਦੋ ਤਿੰਨ ਛੁੱਟੀਆਂ ਇਕੱਠੀਆਂ ਆ ਜਾਣ ਤਾਂ ਘੁੰਮਣ ਨੂੰ ਹੈਦਰਾਬਾਦ ਚਲੇ ਜਾਂਦੇ ਜਾਂ ਹਜ਼ੂਰ ਸਾਹਿਬ ਮੱਥਾ ਟੇਕਣ ਚਲੇ ਜਾਣਾ। ਉਥੋਂ ਪੜ੍ਹਾਈ ਦੇ ਪਹਿਲੇ ਸਾਲ ਦੌਰਾਨ ਅਸੀਂ ਤਿੰਨ ਚਾਰ ਦੋਸਤਾਂ ਨੇ ਪੂਰੀ ਬੰਬਈ (ਅੱਜ ਕੱਲ੍ਹ ਮੁੰਬਈ) ਘੁੰਮੀ ਸੀ, ਜੀਹਦੀਆਂ ਯਾਦਾਂ ਅੱਜ ਵੀ ਅਚੇਤ ਮਨਾਂ ਵਿੱਚ ਤਾਜ਼ਾ ਹਨ।

ਹੋਸਟਲ ਵਿੱਚ ਧੜੇਬਾਜ਼ੀ ਵੀ ਬਹੁਤ ਸੀ। ਹਰ ਤਿਉਹਾਰ 'ਤੇ ਮੁੰਡਿਆਂ ਦੀ ਘੁੱਟ ਲਾਈ ਹੋਣ ਕਾਰਨ ਕੋਈ ਨਾ ਕੋਈ ਲੜਾਈ ਹੋ ਜਾਂਦੀ ਸੀ। ਅੱਜ ਕੱਲ੍ਹ ਜਦੋਂ ਰੀਯੂਨੀਅਨਾਂ 'ਤੇ ਮਿਲਦੇ ਹਾਂ ਤਾਂ ਸਾਰੇ ਇਹ ਸਭ ਗੱਲਾਂ ਯਾਦ ਕਰਕੇ ਬਹੁਤ ਖੁਸ਼ ਹੁੰਦੇ ਹਨ। ਹੋਸਟਲ ਦੀਆਂ ਇਹ ਯਾਦਾਂ ਜੇ ਖਜ਼ਾਨਾ ਨਹੀਂ ਤਾਂ ਕਿਸੇ ਖਜ਼ਾਨੇ ਤੋਂ ਘੱਟ ਵੀ ਨਹੀਂ। ਰੱਬ ਅੱਗੇ ਦੁਆ ਹੈ ਕਿ ਇਹ ਸਾਰੇ ਯਾਰ ਅਣਮੁੱਲੇ ਸਦਾ ਹੱਸਦੇ ਖੇਡਦੇ ਤੰਦਰੁਸਤ ਰਹਿਣ।

# "ਗਰੀਬ ਭਾਰਤ ਦੇ ਅਮੀਰ ਮੰਦਿਰ"



ਜਦੋਂ ਅਸੀਂ ਦੁਨੀਆ ਦੇ ਨਕਸ਼ੇ ਤੇ ਬਣੇ ਦੇਸ਼ ਅਤੇ ਉਹਨਾਂ ਦੀ ਤਰੱਕੀ ਦੇਖਦੇ ਹਾਂ ਤਾਂ ਮੰਨ ਬਹੁਤ ਖੁਸ਼ ਹੋ ਜਾਂਦਾ ਹੈ। ਦਿਮਾਗ ਬੜੇ ਖਿਆਲੀ ਘੋੜੇ ਦੜਾਉਂਣ ਲੱਗ ਪੈਂਦਾ ਹੈ। ਤੇ ਨਾਲ ਦੀ ਨਾਲ ਇਹ ਸੋਚਣ ਲਈ ਵੀ ਮਜਬੂਰ ਕਰ ਦਿੰਦਾ ਹੈ ਕਿ ਆਖਿਰ ਕਦੋਂ ਤੱਕ ਭਾਰਤ ਦੇਸ਼ ਦੇ ਮੋਢੇ ਤੇ ਵਿਕਾਸਸ਼ੀਲ ਨਾਮ ਦਾ ਫੀਤਾ ਟੰਗਿਆ ਰਹੇਗਾ? ਭਾਰਤ ਨੂੰ ਜਦੋਂ ਹਕੀਕਤ ਦੇ ਆਇਨੇ ਤੋਂ ਤੱਕਦੇ ਹਾਂ ਤਾਂ ਇਸਦੀ ਜਮੀਨੀ ਅਸਲੀਅਤ ਅੱਖਾਂ ਵਿੱਚੋਂ ਅੱਥਰੂ ਕੱਢਾ ਛੱਡਦੀ ਹੈ। ਗਰੀਬੀ ਦਾ ਸਾਹ-ਮਣਾ ਕਰ ਰਹੇ ਲੋਕ, ਭੁੱਖਮਰੀ ਕਾਰਨ ਰੋਂਦੇ,ਕਰਲਾਉਂਦੇ ਬੱਚੇ, ਤਾਰਿਆ ਦੀ ਛਾਂਵੇ ਸੜਕ ਕੰਡੇ (ਫੁੱਟ ਪਾਥ) ਤੇ ਸੁੱਤੇ ਲੋਕ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਭਾਰਤ ਆਪਣੀ ਆਜਾਦੀ ਦੇ ਕਈ ਦਹਾਕਿਆ ਬਾਅਦ, ਅੱਜ ਵੀ ਕਿੰਨਾ ਗਰੀਬ ਹੈ। ਪਰ ਨਾਲ ਹੀ ਜਦੋਂ ਨਿਗ੍ਹਾਂ ਇਥੋਂ ਦੇ ਅਮੀਰ, ਸੋਨੇ ਨਾਲ ਭਰੇ ਹੋਏ, ਕੀਮਤੀ ਖਜਾਨੇ ਨੂੰ ਆਪਣੀ ਬੁੱਕਲ ਵਿੱਚ ਸਮੋਈ ਬੈਠੇ, ਰਹੀਜ਼ ਮੰਦਿਰਾਂ ਵੱਲ ਜਾਂਦੀ ਹੈ ਤਾਂ ਮੰਨ ਆਪਣੇ ਗਰੀਬ ਭਾਰਤ ਦੇ ਖਿਆਲ ਨੂੰ ਇਕਦਮ ਬਦਲ ਕੇ ਅਮੀਰੀ, ਦੌਲਤ, ਸੋਨਾ, ਹੀਰੇ, ਕੀਮਤੀ ਰੂਬੀਆ ਆਦਿ ਦੇ ਸੁਪਨੇ ਬੁਣਨ ਲੱਗ ਪੈਂਦਾ ਹੈ।

ਆਂਧਰਾ ਪ੍ਰਦੇਸ਼ ਵਿੱਚ ਸੱਤ ਪਹਾੜਾ ਨਾਲ ਮਿਲ ਕੇ ਬਣੀ 'ਤਿਰੂ-ਮਾਲਾ' ਵਿੱਚ ਵਸਿਆ 'ਤਿਰੂਪਤੀ ਵਿੰਕਟੇਸ਼ਵਰ (ਬਾਲਾ ਜੀ) ਮੰਦਿਰ' ਭਾਰਤ ਦੇ ਅਮੀਰ ਮੰਦਿਰਾਂ ਵਿੱਚੋਂ ਇੱਕ ਹੈ। ਵਾਸਤੂ ਕਲਾ ਦਾ ਅਦਭੁੱਤ ਨਮੂਨਾ ਸਮਝੇ ਜਾਂਦੇ ਇਸ ਮੰਦਿਰ ਵਿੱਚ ਰੋਜਾਨਾ 50 ਹਜਾਰ ਸ਼ਰਧਾਲੂ ਆਉਂਦੇ ਹਨ। ਇਸ ਮੰਦਿਰ ਦਾ ਸਲਾਨਾ ਦਾਨ 650 ਕਰੋੜ ਰੁਪਏ ਮੰਨਿਆ ਜਾਂਦਾ ਹੈ। ਇੰਨਾ ਹੀ ਨਹੀਂ ਇਹ ਮੰਦਿਰ 11 ਮਿਲੀਅਨ ਡਾੱਲਰ ਕੇਵਲ ਲੱਡੂਆ ਦੀ ਵਿਕਰੀ ਤੋਂ ਹੀ ਕਮਾ ਲੈਂਦਾ ਹੈ। ਇਸ ਮੰਦਿਰ ਦੀ ਕੁੱਲ ਸੰਪਤੀ ਲਗਪਗ 50 ਹਜਾਰ ਕਰੋੜ ਰੁਪਏ ਹੈ। ਜੇਕਰ 'ਪਦਮ ਨਾਥ ਸੁਆਮੀ ਮੰਦਿਰ' ਵੱਲ ਇੱਕ ਨਜ਼ਰ ਮਾਰੀਏ ਤਾਂ ਇਹ ਮੰਦਿਰ ਆਪਣੀ ਸੰਪਤੀ,ਦਾਨ ਆਦਿ ਦੇ ਪੱਖ ਤੋਂ ਕੇਵਲ ਭਾਰਤ ਦਾ ਹੀ ਨਹੀਂ ਸਗੋਂ ਵਿਸ਼ਵ ਦੇ ਅਮੀਰ ਮੰਦਿਰਾਂ ਦੀ ਪਹਿਲੀ ਕਤਾਰ ਵਿੱਚ ਖੜਾ ਨਜ਼ਰ ਆਉਂਦਾ ਹੈ। ਇਸ ਮੰਦਿਰ ਦੀ ਕੁੱਲ ਸੰਪਤੀ ਲਗਪਗ ਇੱਕ ਟ੍ਰਿਲੀਅਨ ਡਾੱਲਰ ਭਾਵ 70 ਲੱਖ ਕਰੋੜ ਰੁਪਏ ਮੰਨੀ ਜਾਂਦੀ ਹੈ। ਇਥੇ ਰੋਜਾਨਾ ਹਜਾਰਾ ਦੀ ਗਿਣਤੀ ਵਿੱਚ ਸ਼ਰਧਾਲੂ ਇਥੇ ਆਉਂਦੇ ਹਨ।

ਛਿਰਡੀ ਵਿੱਚ ਵੱਸਦੇ ਸਾਂਈ ਬਾਬੇ ਦੇ ਮੰਦਿਰ ਦੀ ਗੱਲ ਕਰੀਏ ਤਾਂ ਇਹ ਮੰਦਿਰ ਵੀ ਆਪਣੇ ਖਜਾਨੇ, ਦਾਨ ਦੇ ਪੱਖ ਤੋਂ ਭਾਰਤ ਦੇ ਰਹੀਜ਼ ਮੰਦਿਰਾਂ ਵਿੱਚ ਗਿਣਿਆ ਜਾਂਦਾ ਹੈ। ਇਸ ਮੰਦਿਰ ਵਿੱਚ ਤਕਰੀਬਨ 32 ਕਰੋੜ ਰੁਪਏ ਦੇ ਚਾਂਦੀ ਦੇ ਜੇਵਰ, 6 ਲੱਖ ਦੀ ਕੀਮਤ ਵਾਲੇ ਚਾਂਦੀ ਦੇ ਸਿੱਕੇ ਹਨ। ਇਸ ਮੰਦਿਰ ਵਿੱਚ ਹਰ ਸਾਲ ਲਗ-ਪਗ 360 ਕਰੋੜ ਰੁਪਏ ਦਾ ਦਾਨ ਆਉਂਦਾ ਹੈ। ਸਾਂਈ ਬਾਬੇ ਦੀ ਮੂਰਤੀ ਜਿਸ ਸ਼ਰੋਨ 'ਤੇ ਰੱਖੀ ਗਈ ਹੈ ਉਹ 94 ਕਿਲੋ ਗ੍ਰਾਮ ਸੋਨੇ ਦਾ ਬਣਿਆ ਹੋਇਆ ਹੈ। ਨਵੇਂ ਸਾਲ, ਤਿਉਹਾਰਾ ਆਦਿ ਦੇ ਮੋਕਿਆ ਤੇ ਇਥੇ ਲ਼ੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਆਉਂਦੇ ਹਨ। ਉੜੀਸ਼ਾ ਦੇ ਤੱਟਵਰਤੀ ਸ਼ਹਿਰ ਪੁਰੀ ਵਿੱਚ ਸਥਿਤ ਜਗਨਨਾਥ ਪੁਰੀ ਮੰਦਿਰ ਵੀ ਭਾਰਤ ਦੇ ਅਮੀਰ ਮੰਦਿਰਾਂ ਵਿੱਚੋ ਇੱਕ ਹੈ। ਇਸ ਮੰਦਿਰ ਕੋਲ ਕਰੀਬ 130 ਕਿਲੋ ਗ੍ਰਾਮ ਸੋਨਾ, 220 ਕਿਲੋ ਗ੍ਰਾਮ ਸਿਲਵਰ ਆਦਿ ਖਜਾਨੇ ਦੇ ਰੂਪ ਵਿੱਚ ਪਿਆ ਹੈ। ਕਹਿੰਦੇ ਨੇ ਕਿ ਇੱਕ ਵਾਰੀ ਇਸ ਮਦਿਰ ਨੂੰ ਇੱਕ ਯੂਰਪੀਅਨ ਸ਼ਰਧਾਲੂ ਨੇ 1.72 ਕਰੋੜ ਰੁਪਏ ਦਾ ਦਾਨ ਵੀ ਕੀਤਾ ਸੀ।

ਮੁਬੰਈ ਵਿੱਚ ਸਥਿਤ ਭਗਵਾਨ ਗਣੇਸ਼ (ਗਣਪਤੀ-ਬੱਪਾ) ਦਾ ਮੰਦਿਰ ਜੋ 'ਸਿਧੀ ਵਿਨਾਇਕ' ਨਾਮ ਨਾਲ ਪੂਰੇ ਵਿਸ਼ਵ ਵਿੱਚ ਪ੍ਰਸਿੱਧ ਹੈ, ਵੀ ਆਪਣੇ ਦਾਨ, ਸੰਪਤੀ, ਖਜਾਨੇ ਆਦਿ ਕਰਕੇ ਭਾਰਤ ਦੇ ਅਮੀਰ ਮੰਦਿਰਾਂ ਦੀ ਪਹਿਲੀ ਕਤਾਰ ਵਿੱਚ ਖੜਾ ਹੈ। ਇਸ ਮੰਦਿਰ ਦੀ ਸਲਾਨਾ ਆਮਦਨ 100-125 ਕਰੋੜ ਰੁਪਏ ਮੰਨੀ ਜਾਂਦੀ ਹੈ। ਜੰਮੂ ਵਿੱਚ ਸਥਿਤ 'ਵੈਸ਼ਨੂੰ ਦੇਵੀ ਮੰਦਿਰ' ਵੀ ਹਰ ਸਾਲ ਕਰੀਬ 500 ਕਰੋੜ ਰੁਪਏ ਦਾਨ ਦੇ ਰੂਪ ਵਿੱਚ ਕਮਾਉਂਦਾ ਹੈ। 'ਮੀਨਾਕਸ਼ੀ ਮੰਦਿਰ' ਵੀ ਲਗਪਗ 6 ਕਰੋੜ ਸਲਾਨਾ ਦਾਨ ਦੇ ਰੂਪ ਵਿੱਚ ਪ੍ਰਾਪਤ ਕਰਦਾ ਹੈ। ਗੁਜਰਾਤ ਦਾ 'ਸੋਮਨਾਥ ਮੰਦਿਰ' ਵੀ ਤਕਰੀਬਨ 33 ਕਰੋੜ ਰੁਪਏ ਸਲਾਨਾ ਦਾਨ ਪ੍ਰਾਪਤ ਕਰ ਭਾਰਤ ਦੇ ਅਮੀਰ ਮੰਦਿਰਾਂ ਦੀ ਸੂਚੀ ਵਿੱਚ ਆਪਣਾ ਨਾਮ ਦਰਜ ਕਰਵਾਉਂਦਾ ਹੈ। ਗੁਰੂ ਦੀ ਨਗਰੀ ਸ਼੍ਰੀ ਅਮ੍ਰਿਤਸਰ ਸਾਹਿਬ ਵਿੱਚ ਸਥਿਤ 'ਹਰਮੰਦਿਰ ਸਾਹਿਬ' ਵੀ ਭਾਰਤ ਦੇ ਅਮੀਰ ਮੰਦਿਰਾਂ ਵਿੱਚ ਗਿਣਿਆ ਜਾਂਦਾ ਹੈ। ਇਥੇ ਹਰ ਸਾਲ 500 ਕਰੋੜ ਰੁਪਏ ਦਾਨ ਆਉਂਦਾ ਹੈ ਅਤੇ ਰੋਜਾਨਾ ਅਣਗਿਣਤ ਲੋਕ ਮੱਥਾ ਟੇਕਣ ਲਈ ਆਉਂਦੇ ਹਨ।

ਇੰਨਾ ਹੀ ਨਹੀਂ ਭਾਰਤ ਵਿੱਚ ਹੋਰ ਵੀ ਬਹੁਤ ਸਾਰੇ ਮੰਦਿਰ ਹਨ ਜਿਹਨਾਂ ਦੀ ਸੰਪਤੀ, ਦਾਨ, ਖਜਾਨੇ ਆਦਿ ਨੂੰ ਦੇਖ ਕੇ ਪੂਰੇ ਵਿਸ਼ਵ ਦੀਆ ਅੱਖਾਂ ਅੱਡੀਆ ਰਹਿ ਜਾਂਦੀਆ ਹਨ। ਮੰਦਿਰਾਂ ਵਿੱਚ ਦਾਨ ਦੇ ਰੂਪ ਵਿੱਚ ਚੜ੍ਹਦੇ ਫ਼ਲ, ਲੱਡੂ, ਆਦਿ ਵੀ ਕਾਫੀ ਜਿਆਦਾ ਰਕਮ ਦੇ ਵਿਕਦੇ ਹਨ। ਕਈ ਸ਼ਰਧਾਲੂ ਆਪਣੀ ਸ਼ਰਧਾ ਨਾਲ ਇਹਨਾਂ ਮੰਦਿਰਾਂ ਵਿੱਚ ਝੰਡੇ ਲੈ ਕੇ ਜਾਂਦੇ ਹਨ ਜਿਹਨਾਂ ਤੋਂ ਵੀ ਬਆਦ ਵਿੱਚ ਕਾਫੀ ਮੋਟੀ ਰਕਮ ਕਮਾਈ ਜਾਂਦੀ ਹੋਵੇਗੀ। ਕਈ ਮੰਦਿਰਾਂ ਵਿੱਚ ਵਾਲਾਂ ਤੋਂ ਵੀ ਬਹੁਤ ਪੈਸਾ ਕਮਾਇਆ ਜਾਂਦਾ ਹੈ। ਹੁਣ ਸਵਾਲ ਇਹ ਉੱਠਦਾ ਹੈ ਕਿ ਕਰੋੜਾ ਰੁਪਏ ਦਾ ਇਹ ਦਾਨ ਕਿਥੇ ਖਰਚ ਕੀਤਾ ਜਾਂਦਾ ਹੈ? ਆਪਣੀ ਨੇਕ ਕਮਾਈ ਵਿੱਚੋਂ ਕੀਤਾ ਗਿਆ ਦਾਨ ਕਿਥੇ ਇਸਤੇਮਾਲ ਕੀਤਾ ਜਾਂਦਾ ਹੈ?

ਕਈ ਮੰਦਿਰਾ ਦਾ ਦਾਨ, ਖਜਾਨਾ, ਸੰਪਤੀ ਕਈ ਦੇਸ਼ਾਂ ਦੀ ਜੀ.ਡੀ.ਪੀ. ਦੇ ਬਰਾਬਰ ਹੈ। ਇੱਕ ਰਿਪੋਰਟ ਮੁਤਾਬਕ, ਜੇਕਰ ਚਾਰ ਮੰਦਿਰ, ਤਿਰੂਪਤੀ ਤਿਰੂਮਾਲਾ ਮੰਦਿਰ, ਸਿੱਧੀ ਵਿਨਾਇਕ ਮੰਦਿਰ, ਕਾਂਸ਼ੀ ਵਿਸ਼ਵਨਾਥ ਮੰਦਿਰ, ਛਿਰਡੀ ਸਾਂਈ ਬਾਬਾ ਮੰਦਿਰ, ਦੀ ਅੱਜ ਸੰਪਤੀ ਦੇਖੀਏ ਤਾਂ ਇਹ 1 ਲੱਖ 32 ਹਜਾਰ ਕਰੋੜ ਦੇ ਕਰੀਬ ਬਣਦੀ ਹੈ। ਜੋ ਦੇਸ਼ ਦੇ ਅਮੀਰ ਵਿਆਕਤੀ ਤੋਂ ਵੀ ਜਿਆਦਾ ਹੈ। ਇਹਨਾ ਮੰਦਿਰਾਂ ਵਿੱਚ 5 ਲੱਖ ਸ਼ਰਧਾਲੂ ਰੋਜਾਨਾ 8 ਕਰੋੜ ਦਾ ਦਾਨ ਕਰਦੇ ਹਨ। ਮੰਦਿਰਾਂ ਦੇ ਦਾਨ ਦਾ ਕਰੀਬ 2 ਫੀਸਦੀ ਹਿੱਸਾ ਹੀ ਭਗਵਾਨ ਤੇ ਖਰਚ ਹੁੰਦਾ ਹੈ। ਬਾਕੀ ਕਿਥੇ ਜਾਂਦਾ ਹੈ? ਇਸਦਾ ਕੋਈ ਬਹੁਤਾ ਥਓ ਪਤਾ ਨਹੀਂ ਚੱਲਦਾ। ਜੇਕਰ ਥੋੜਾ ਵਿਚਾਰ ਕਰੀਏ ਤਾਂ ਇਹਨਾਂ ਮੰਦਿਰਾਂ ਸੰਪਤੀ ਨਾਲ ਤਕਰੀਬਨ 2 ਸਾਲ ਹਰ ਭਾਰਤੀ ਮੁਫ਼ਤ ਖਾਣਾ ਖਾ ਸਕਦਾ ਹੈ, ਲਗਪਗ 100 ਸਾਲ ਤੱਕ ਰੇਲ ਗੱਡੀ ਵਿੱਚ ਮੁਫ਼ਤ ਸਫ਼ਰ ਕੀਤਾ ਜਾ ਸਕਦਾ ਹੈ ਅਤੇ ਕਰੀਬ 500 ਸਾਲ ਤੱਕ ਮੁਫ਼ਤ ਪੈਟਰੋਲ ਭਰਵਾਇਆ ਜਾ ਸਕਦਾ।

ਆਪਣੀ ਨੇਕ ਕਮਾਈ ਦਾ ਦਸਵਾਂ ਹਿੱਸਾ ਭਾਵ ਦਸਵੰਦ ਕੱਢਣ ਦਾ ਮੁੱਖ ਮਕਸਦ ਗਰੀਬਾਂ, ਬੇਸਹਾਰਾ, ਮਜਲੂਮਾਂ ਆਦਿ ਦੀ ਮਦਦ ਕਰਨਾ ਸੀ ਨਾ ਕਿ ਭਗਵਾਨ ਦੇ ਨਾ ਤੇ ਵਪਾਰ ਕਰਨਾ। ਵਿਸ਼ਵ ਦੇ ਹਰ ਧਾਰਮ ਦਾ ਹਰ ਗ੍ਰੰਥ ਗਰੀਬ ਦੇ ਮੂੰਹ ਨੂੰ ਗੁਰੂ ਦੀ ਗੋਲਕ ਦੇ ਬਰਾਬਰ ਦੱਸਦਾ ਹੈ। ਇੱਕ ਪਾਸੇ 20 ਕਰੋੜ ਤੋਂ ਵੱਧ ਲੋਕ ਹਰ ਰਾਤ ਭੁੱਖੇ ਸੋਂਦੇ ਹਨ, ਕਈ ਭਾਰਤੀ ਭੁੱਖਮਰੀ ਕਾਰਨ ਮਰ ਜਾਂਦੇ ਹਨ ਤੇ ਦੂਸਰੇ ਪਾਸੇ ਮੰਦਿਰਾਂ ਵਿੱਚ ਦੁੱਧ, ਦਹੀ, ਲੱਡੂ, ਮਠਿਆਈ, ਫ਼ਲ ਆਦਿ ਚੜਾਏ ਜਾਂਦੇ ਹਨ। ਅਣਗਿਣਤ ਭਾਰਤੀ ਬਿਨਾਂ ਛੱਤ ਤੋਂ ਸੜਕ ਕੰਡੇ (ਫੁੱਟ ਪਾਥ) ਤੇ ਸੋਂਦੇ ਹਨ ਤੇ ਦੂਸਰੇ ਪਾਸੇ ਬੇਸ਼ੁਮਾਰ ਕੀਮਤੀ ਚੀਜਾਂ ਨਾਲ ਮੰਦਿਰ ਉਸਾਰੇ ਜਾਂਦੇ ਹਨ। ਅੱਜ ਅਸੀਂ 74 ਫੀਸਦੀ ਸਾਖਰਤਾ ਦਰ ਪਾਰ ਕਰ ਸਮਝਦਾਰ, ਸੂਝਵਾਨ ਬਣ ਚੁੱਕੇ ਹਾਂ ਪਰ ਸ਼ਾਇਦ ਤਰਕਸ਼ੀਲ ਨਹੀਂ ਬਣ ਸਕੇ। ਸੋ ਅੱਜ ਸਾਨੂੰ ਆਪਣੇ ਦਾਨ ਕਰਨ ਦੀ ਸਹੀ ਜਗ੍ਹਾ ਨੂੰ ਪਹਿਚਾਨਣਾ ਚਾਹੀਦਾ ਹੈ ਤਾਂ ਜੋ ਦਸਵੰਦ ਦੇ ਮੁੱਖ ਮਕਸਦ ਨੂੰ ਪੂਰਾ ਕੀਤਾ ਜਾ ਸਕੇ।

ਇੰਦਰਜੀਤ ਸਿੰਘ ਕਠਾਰ,
ਮ.9779324972


For All Electrical Work/ਬਿਜਲੀ ਦਾ ਕੋਈ ਵੀ ਕੰਮ ਹੋਵੇ



- Residential/Commercial/Industrial
- Basement Electrical Wiring
- Service Panel Upgrading
- Fire Alarm
- Driveway Lights

Save UPTO 40 TO 50% On Your HYDRO BILL

LED Pot Lights(Indoor/Outdoor) ਲਗਵਾਓ Hydro Bill ਤੇ 40%-50% ਬਚਾਓ

Contact: Nirmal Singh Johal(Certified Electrician)647-716-2677

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

DIXIE
Registered Private Career College

TRUCK & FORKLIFT DRIVING SCHOOL
CLASS A,Z & FORKLIFT TRAINING

Contact Us for Great Results, Early Road Tests & Flexible Timing

- Special Training For Nervous Drivers
- Lady Instructor Available
- One to One Training

Forklift $79
Air Brake
Truck Driving Course

- Counter Balance
- Order Picker
- Raymond Reach
- Walkie
- Cheery Picker

AIR BRAKES CLASSES EVERY WED - THURS & SAT - SUN

Off: 905-452-3633/905-671-3633
Call MANN 416.629.4454
30 Hale Road Unit 1, Brampton ON, L6W 4N9

# ਸਾਈਕਲ ਦੀ ਯਾਦ ਦਾ ਨਿੱਘਾ ਅਹਿਸਾਸ

-ਪ੍ਰੋ. ਗੁਰਦੇਵ ਸਿੰਘ ਜੌਹਲ



ਦਸਵੀਂ ਤੱਕ ਮੈਂ ਪਿੰਡ ਦੇ ਸਕੂਲ 'ਚ ਹੀ ਪੜ੍ਹਿਆ। ਸਾਡੇ ਘਰ ਸਾਈਕਲ ਨਹੀਂ ਸੀ ਹੁੰਦਾ। ਨਾ ਹੀ ਮੈਨੂੰ ਸਾਈਕਲ ਚਲਾਉਣਾ ਆਉਂਦਾ ਸੀ। ਗਿਆਰਵੀਂ ਜਮਾਤ 'ਚ ਮੈਂ ਜਲੰਧਰ ਦੇ ਲਾਇਲਪੁਰ ਖਾਲਸਾ ਕਾਲਜ ਦੇ ਹੋਸਟਲ 'ਚ ਰਹਿੰਦਾ ਸੀ। ਕਈ ਮੁੰਡੇ ਸਾਡੇ ਪਿੰਡੋਂ ਰੋਜ਼ ਕਾਲਜ ਪੜ੍ਹਨ ਆਉਂਦੇ ਸਨ। ਨਕੋਦਰ ਤੋਂ ਜਲੰਧਰ ਆਉਂਦੀ ਗੱਡੀ ਥਾਬਲਕੇ ਦੇ ਸਟੇਸ਼ਨ ਤੋਂ ਫੜਦੇ। ਜਲੰਧਰ ਸਟੇਸ਼ਨ ਤੋਂ ਤੁਰ ਕੇ ਕਾਲਜ ਆਉਂਦੇ। ਛੁੱਟੀ ਵੇਲੇ ਤੁਰ ਕੇ ਵਾਪਸ ਜਾਂਦੇ। ਪਿੰਡ ਥਾਬਲਕੇ ਸਟੇਸ਼ਨ ਤੱਕ ਤੇ ਵਾਪਸ ਸਾਈਕਲ 'ਤੇ ਜਾਂਦੇ ਸਾਂ। ਸ਼ਨਿੱਚਰਵਾਰ ਨੂੰ ਮੈਂ ਉਨ੍ਹਾਂ ਨਾਲ ਗੱਡੀ ਵਿੱਚ ਚਲਾ ਜਾਂਦਾ। ਥਾਬਲਕੇ ਸਟੇਸ਼ਨ 'ਤੇ ਉਤਰ ਕੇ ਉਨ੍ਹਾਂ ਨਾਲ ਸਾਈਕਲ 'ਤੇ ਬੈਠ ਕੇ ਪਿੰਡ ਜਾਂਦਾ। ਸੋਮਵਾਰ ਸਵੇਰੇ ਫਿਰ ਉਨ੍ਹਾਂ ਨਾਲ ਹੀ ਕਾਲਜ ਆ ਜਾਣਾ।

ਹੋਸਟਲ 'ਚ ਕਈ ਮੁੰਡਿਆਂ ਨੇ ਸਾਈਕਲ ਰੱਖੇ ਹੋਏ ਸਨ। ਇਕ ਦਿਨ ਮੈਂ ਸਾਈਕਲ ਸਿੱਖਣ ਦਾ ਫੈਸਲਾ ਕਰ ਲਿਆ। ਦੇਖਣ ਨੂੰ ਮੈਂ ਟਿੱਡਾ ਹੀ ਲੱਗਦਾ ਸੀ। ਕਿਸੇ ਦੇ ਸਾਹਮਣੇ ਸਾਈਕਲ ਸਿੱਖਦਿਆਂ ਸ਼ਰਮ ਆਉਂਦੀ ਸੀ। ਮੈਂ ਪੜ੍ਹਨ ਹੀ ਲੇਟ ਲੱਗਾ ਸੀ। ਸੀ ਐਸ ਚੌਕ ਕੋਲੋਂ ਦੀ ਰੇਲਵੇ ਕਾਲੋਨੀ ਵੱਲੋਂ ਆਉਂਦਾ ਨਹਿਰ ਦਾ ਸੂਆ ਗੜ੍ਹੇ ਵੱਲ ਨੂੰ ਜਾਂਦਾ ਸੀ। ਇਕ ਦਿਨ ਮੈਂ ਕਿਸੇ ਦਾ ਸਾਈਕਲ ਲੈ ਕੇ ਸੂਏ ਦੇ ਨਾਲ-ਨਾਲ ਪੈਦਲ ਰਾਹ ਉੱਤੇ ਪਹਿਲਾਂ ਕੈਰੀਅਰ ਉਤੇ ਬੈਠ ਕੇ ਅਤੇ ਫਿਰ ਕਾਠੀ 'ਤੇ ਬੈਠ ਕੇ ਸਾਈਕਲ ਚਲਾਉਣਾ ਸਿੱਖਦਾ ਰਿਹਾ। ਸਮੱਸਿਆ ਸਾਈਕਲ 'ਤੇ ਚੜ੍ਹਨ ਉਤਰਨ ਦੀ ਸੀ। ਪੈਡਲ 'ਤੇ ਪੈਰ ਰੱਖ ਕੇ ਚੜ੍ਹਨਾ/ਉਤਰਨਾ ਮੈਂ ਕਈ ਮਹੀਨਿਆਂ ਬਾਅਦ ਸਿੱਖਿਆ। ਫਿਰ ਕਈ ਵਾਰੀ ਮੈਂ ਕਿਸੇ ਤੋਂ ਸਾਈਕਲ ਲੈ ਕੇ ਪਿੰਡ ਚਲੇ ਜਾਣਾ ਤੇ ਸਵੇਰੇ ਮੁੜ ਆਉਣਾ। ਆਪਣੀ ਭੈਣ ਦੇ ਪਿੰਡੋਂ ਤਾਂ ਮੈਂ ਸਾਈਕਲ 'ਤੇ ਜਾ ਕੇ ਦੋ ਤਿੰਨ ਘੰਟਿਆਂ 'ਚ ਹੀ ਮੁੜ ਆਉਂਦਾ। ਸਾਲ 1967 'ਚ ਜਦ ਮੈਂ ਨੌਕਰੀ ਕਰਨ ਲੱਗਾ ਤਾਂ ਸਾਡੇ ਪਿੰਡ ਤੋਂ ਬੱਸਾਂ ਸ਼ੁਰੂ ਹੋ ਗਈਆਂ ਸਨ। 11ਵੀਂ ਜਮਾਤ ਵਿੱਚ ਪੜ੍ਹਦਿਆਂ ਜੰਗਲ ਪਾਣੀ ਆਸ ਪਾਸ ਦੇ ਖੇਤਾਂ 'ਚ ਜਾਣਾ ਹੁੰਦਾ ਸੀ। ਇਕ ਦਿਨ ਦੁਪਹਿਰ ਨੂੰ ਮੈਂ ਕਿਸੇ ਦਾ ਸਾਈਕਲ ਲੈ ਕੇ ਗੜ੍ਹੇ ਦੇ ਰੇਲਵੇ ਦੇ ਫਾਟਕ ਵੱਲ ਜੰਗਲ ਪਾਣੀ ਗਿਆ। ਉਨ੍ਹਾਂ ਦਿਨਾਂ 'ਚ ਕਮੇਟੀ ਵੱਲੋਂ ਸਾਈਕਲਾਂ ਨੂੰ ਟੋਕਨ ਲੱਗਦੇ ਸਨ। ਕੀਮਤ ਸਿਰਫ ਦੋ ਰੁਪਏ। ਫਾਟਕ ਉਤੇ ਬੈਠੇ ਕਮੇਟੀ ਦੇ ਬੰਦਿਆਂ ਨੂੰ ਮੈਨੂੰ ਫੜ ਲਿਆ। ਕੋਲ ਦੋ ਰੁਪਏ ਨਹੀਂ ਸਨ। ਸਾਈਕਲ ਵੀ ਕਿਸੇ ਦਾ ਸੀ। ਸਾਈਕਲ ਉਥੇ ਛੱਡ ਕੇ ਹੋਸਟਲ ਵਿੱਚੋਂ ਦੋ ਰੁਪਏ ਲੈ ਕੇ ਗਿਆ ਤੇ ਟੋਕਨ ਲਗਾਇਆ। ਸਾਈਕਲਾਂ ਨੂੰ ਟੋਕਨ ਲਾਉਣ ਲਈ ਕਮੇਟੀ ਦੇ ਬੰਦੇ ਰੇਲ ਫਾਟਕਾਂ, ਪੁਲਾਂ ਤੇ ਟੇਸ਼ਨਾਂ ਉੱਤੇ ਆਮ ਫੜਦੇ ਸਨ। ਇਕ ਵਾਰ ਉਨ੍ਹਾਂ ਮੈਨੂੰ ਬੇਈਂ ਦੇ ਪੁਲ ਉਤੇ ਘੇਰ ਲਿਆ। ਮੈਂ ਝੂਠ ਦਾ ਸਹਾਰਾ ਲਿਆ ਕਿ ਮੈਂ ਪਿਛਲੇ ਹਫਤੇ ਟੇਸ਼ਨ 'ਤੇ ਲੈ ਲਿਆ ਸੀ, ਬੱਸ ਸਾਈਕਲ ਨਾਲ ਕੱਸਣ ਦਾ ਵਿਹਲ ਨਹੀਂ ਮਿਲਿਆ।

ਉਨ੍ਹਾਂ ਦਿਨਾਂ 'ਚ ਬਾਥਰੂਮ ਜਾਣ ਲਈ ਜਾਂ ਘਰ 'ਚ ਆਮ ਪਾਉਣ ਵਾਲੀ ਬਾਟਾ ਕੰਪਨੀ ਦੀ ਚੱਪਲ ਹੁੰਦੀ ਸੀ, ਜਿਸ ਦੇ ਅਗਲੇ ਸਿਰ 'ਤੇ ਦੋ ਮੋਰੀਆਂ ਹੁੰਦੀਆਂ ਸਨ। ਅਸੀਂ ਉਸ ਨੂੰ ਨਾਸਾਂ ਕਹਿੰਦੇ ਸੀ। ਇਕ ਦਿਨ ਮੈਂ ਉਹ ਨਾਸਾਂ ਖਰੀਦ ਕੇ ਸਾਈਕਲ ਦੇ ਕੈਰੀਅਰ ਉਤੇ ਰੱਖ ਲਈਆਂ। ਜਾਣਾ ਜਲੰਧਰੋਂ ਪਿੰਡ ਨੂੰ ਸੀ। ਸ਼ਾਮ ਦਾ ਸੂਰਜ ਅੰਦਰ ਬਾਹਰ ਹੋ ਰਿਹਾ ਸੀ। ਗੜ੍ਹੇ ਵਾਲੇ ਫਾਟਕ ਕੋਲ ਆ ਕੇ ਮੈਂ ਪਿਸ਼ਾਬ ਕਰਨਾ ਚਾਹਿਆ। ਦੇਖਿਆ ਕਿ ਚੱਪਲ ਦਾ ਇਕ ਪੈਰ ਕਿਤੇ ਡਿੱਗ ਪਿਆ ਸੀ। ਕਿੰਨੀ ਵਾਟ ਪਿਛਾਂਹ ਮੁੜ ਕੇ ਗਿਆ, ਪਰ ਉਹ ਕਿਤੇ ਨਾ ਮਿਲਿਆ। ਮਸੋਸੇ ਮਨ ਨਾਲ ਦੂਜਾ ਪੈਰ ਵੀ ਸੁੱਟ ਦਿੱਤਾ। ਖਾਲੀ ਹੱਥ ਪਿੰਡ ਨੂੰ ਚਲਾ ਗਿਆ।

ਮੇਰਾ ਬੇਟਾ ਸਕੂਲ 'ਚ ਪੜ੍ਹਦਾ ਸੀ। ਹੋਣਾ ਕੋਈ 6ਵੀਂ ਜਾਂ 7ਵੀਂ ਵਿੱਚ। ਡਾਕ ਟਿਕਟਾਂ ਦਾ ਨਵਾਂ-ਨਵਾਂ ਸ਼ੌਕ ਸੀ। ਕੰਪਨੀ ਬਾਗ 'ਚ ਟਿਕਟਾਂ ਦੀ ਨੁਮਾਇਸ਼ ਲੱਗਣੀ ਸੀ। ਉਸ ਨੂੰ ਅਸੀਂ ਨਵਾਂ ਸਾਈਕਲ ਲੈ ਕੇ ਦਿੱਤਾ ਸੀ। ਟਿਕਟਾਂ ਦੇਖਣ ਦੇ ਚਾਅ 'ਚ ਉਹ ਆਉਂਦਿਆਂ ਨੂੰ ਸਾਈਕਲ ਨੂੰ ਸ਼ਾਇਦ ਤਾਲਾ ਲਾਉਣਾ ਭੁੱਲ ਗਿਆ। ਬਾਹਰ ਆਉਂਦਿਆਂ ਨੂੰ ਸਾਈਕਲ ਕੋਈ ਲੈ ਗਿਆ। ਥਾਣੇ ਰਪਟ ਲਿਖਾਈ, ਪਰ 35-36 ਸਾਲਾਂ ਬਾਅਦ ਵੀ ਸਾਈਕਲ ਦੀ ਕੋਈ ਉਘ ਸੁੱਘ ਨਹੀਂ। ਯੂਨੀਵਰਸਿਟੀ ਦੇ ਹੋਸਟਲ 'ਚ ਰਹਿੰਦਿਆਂ ਵੀ ਉਸ ਨੇ ਕੋਈ ਪੁਰਾਣਾ ਸਾਈਕਲ ਰੱਖਣ ਦੀ ਮੰਗ ਕੀਤੀ। ਦੋ ਸਾਲਾਂ ਬਾਅਦ ਜਦ ਸਾਈਕਲ ਬਾਰੇ ਪੁੱਛਿਆ ਤਾਂ ਕਹਿੰਦਾ, ਪਤਾ ਨਹੀਂ ਕਿੱਥੇ ਗਿਆ। ਮੇਰਾ ਛੋਟਾ ਬੇਟਾ 6ਵੀ, 7ਵੀਂ ਤੱਕ ਸਕੂਲੇ ਰਿਕਸ਼ੇ 'ਤੇ ਹੀ ਜਾਂਦਾ ਆਉਂਦਾ ਸੀ। ਜਦੋਂ ਉਸ ਨੇ ਨਵਾਂ ਸਾਈਕਲ ਲਿਆ ਤਾਂ ਉਸ ਨੂੰ ਇਹ ਨਹੀਂ ਸੀ ਪਤਾ ਕਿ ਟਾਇਰ 'ਚ ਹਵਾ ਕਿਵੇਂ ਭਰਨੀ ਹੈ। ਇਕ ਦੁਕਾਨ 'ਤੇ ਜਾ ਕੇ ਕਹਿੰਦਾ, 'ਭਾਈ! ਸਾਈਕਲ 'ਚ ਹਵਾ ਪਾ ਦੇ।' ਇਕ ਵਾਰੀ ਜਦੋਂ ਉਹ ਡਰਾਮਾ ਦੇਖ ਕੇ ਬਾਹਰ ਆਇਆ ਤਾਂ ਸਾਈਕਲ ਗਾਇਬ। ਕਿਸੇ ਗਰੀਬ ਦਾ ਟੁੱਟਾ ਜਿਹਾ ਸਾਈਕਲ ਰੇੜ੍ਹ ਕੇ ਘਰ ਲੈ ਆਇਆ। ਇਹ ਮੁੜ ਕਿਸੇ ਕਬਾੜੀਏ ਦੇ ਪੱਲੇ ਪਿਆ। ਜਦੋਂ ਮੈਂ ਸਕੂਲ 'ਚ ਪੜ੍ਹਦਾ ਸੀ ਤਾਂ ਮਾਸਟਰ ਪ੍ਰਤਾਪ ਸਿੰਘ ਰੋਜ਼ ਆਪਣੇ ਪਿੰਡ ਤੋਂ ਸਾਈਕਲ 'ਤੇ ਆਉਂਦੇ ਜਾਂਦੇ ਸਨ। ਉਨ੍ਹਾਂ ਦੇ ਤਿੰਨ ਬੇਟੇ ਵੀ ਸਾਈਕਲਾਂ 'ਤੇ ਆਉਂਦੇ ਜਾਂਦੇ ਸਨ। ਪੰਡਤ ਤਿਲਕ ਰਾਜ, ਜਿਸ ਨੂੰ ਮੁੰਡੇ ਗੋਗਲਾ ਕਹਿੰਦੇ ਸਨ, ਵੀ ਗੁਰਾਇਆ ਤੋਂ ਸਾਈਕਲ 'ਤੇ ਸਫਰ ਕਰਦੇ ਸਨ। ਪੰਡਤ ਭਾਗ ਰਾਮ ਲਖਨਪਾਲ ਤੇ ਹੋਰ ਕਈ ਅਧਿਆਪਕ ਵੀ ਸਾਈਕਲਾਂ ਦੇ ਮਾਲਕ ਸਨ। ਹੈਡਮਾਸਟਰ ਸਾਹਿਬ ਵੀ ਸਾਈਕਲ 'ਤੇ ਆਉਣਾ ਫਖਰ ਸਮਝਦੇ ਸਨ।

60ਵਿਆਂ 'ਚ ਸਕੂਟਰ ਕਿੱਥੇ ਹੁੰਦੇ ਸਨ। ਸਾਡੇ ਕਾਲਜ ਦੇ ਅੰਗਰੇਜ਼ੀ ਵਿਭਾਗ ਦੇ ਮੁਖੀ ਪ੍ਰੋ. ਹਰਭਜਨ ਸਿੰਘ 'ਪ੍ਰਿੰਸ' ਨੇ ਸਾਰੀ ਉਮਰ ਸਾਈਕਲ ਦੀ ਹੀ ਸਵਾਰੀ ਕੀਤੀ। ਕਾਰ ਸ਼ਾਇਦ ਉਨ੍ਹਾਂ ਕਾਲਜ ਦੇ ਪ੍ਰਿੰਸੀਪਲ ਬਣ ਕੇ ਵਰਤੀ ਸੀ। ਉਸ ਲਈ ਵੀ ਡਰਾਈਵਰ ਰੱਖਿਆ ਸੀ। ਪਿੰਡ ਜਿਨ੍ਹਾਂ ਮੁੰਡਿਆਂ ਦੇ ਘਰ ਸਾਈਕਲ ਹੁੰਦੇ ਸਨ, ਉਹ ਤਾਂ ਸਕੂਲੇ ਵੀ ਸਾਈਕਲ 'ਤੇ ਆਉਂਦੇ ਸਨ। ਨਿੱਕੇ-ਨਿੱਕੇ ਮੁੰਡੇ ਵਿੱਚ ਦੀ ਲੱਤ ਪਾ ਕੇ ਸਾਈਕਲ ਚਲਾ ਲੈਂਦੇ। ਮੇਰੇ ਇਕ ਕਾਲਜ ਅਧਿਆਪਕ ਨੇ ਸਾਰੀ ਉਮਰ ਸਾਈਕਲ ਦੀ ਹੀ ਸਵਾਰੀ ਕੀਤੀ, ਸਕੂਟਰ ਨਹੀਂ ਸਿੱਖਿਆ।

ਜਦ ਸਕੂਟਰ 'ਤੇ ਵੀ ਕਿਸੇ ਦੇ ਪਿੱਛੇ ਬੈਠਦੇ ਤਾਂ ਲੇਡੀਜ਼ ਵਾਂਗ ਦੋਵੇਂ ਲੱਤਾਂ ਇਕ ਪਾਸੇ ਨੂੰ ਕਰਕੇ ਬੈਠਦੇ। ਮੇਰੇ ਇਕ ਹੋਰ ਸਹਿ-ਕਰਮੀ ਨੇ ਸਾਰੀ ਉਮਰ ਸਾਈਕਲ ਹੀ ਚਲਾਇਆ, ਭਾਵੇਂ ਕਿਸੇ ਵੇਲੇ ਉਸ ਦੇ ਪਿਤਾ ਪੰਜਾਬ ਦੇ ਮੰਤਰੀ ਸਨ। 10ਵੀਂ ਪਾਸ ਕਰਨ ਮਗਰੋਂ ਪਿੰਡ ਦੇ ਇਕ ਦੋਸਤ ਨਾਲ ਸ਼ਹਿਰ ਫਿਲਮ ਵੇਖਣ ਦਾ ਪ੍ਰੋਗਰਾਮ ਬਣਾਇਆ। ਮੈਨੂੰ ਸਾਈਕਲ ਚਲਾਉਣਾ ਆਉਂਦਾ ਨਹੀਂ ਸੀ। ਮੈਂ ਉਸ ਦੇ ਸਾਈਕਲ ਦੇ ਅਗਲੇ ਡੰਡੇ 'ਤੇ ਬੈਠ ਗਿਆ। 5-6 ਮੀਲਾਂ ਬਾਅਦ ਮੇਰਾ ਇਕ ਪੈਰ ਸੌਂ ਗਿਆ। ਜਦੋਂ ਸਾਹ ਲੈਣ ਲਈ ਹੇਠਾਂ ਉਤਰਿਆ ਤਾਂ ਇਕਦਮ ਗਿੱਟਾ ਮਰੋੜਿਆ ਗਿਆ। 'ਗਜ਼ਬ' ਫਿਲਮ ਤਾਂ ਦੇਖ ਨਾ ਹੋਈ, ਪਰ ਗਿੱਟੇ ਦੀ ਦਰਦ ਗਜ਼ਬ ਦੀ ਸੀ। 1971 'ਚ ਮੇਰੀ ਭੈਣ ਨੇ ਬੱਚਿਆਂ ਨਾਲ ਕੈਨੇਡਾ ਜਾਣਾ ਸੀ। ਜਾਣ ਲੱਗੀ ਸਾਈਕਲ ਮੈਨੂੰ ਦੇ ਗਈ। ਕਈ ਸਾਲ ਮੈਂ ਉਸੇ ਸਾਈਕਲ ਨਾਲ ਬੁੱਤਾ ਸਾਰਦਾ ਰਿਹਾ। 1973 'ਚ ਮੇਰੀ ਮਾਂ ਦਾ ਦਿਹਾਂਤ ਹੋ ਗਿਆ। ਕਈ ਦਿਨ ਪਿੰਡ ਰਹਿਣਾ ਪੈਣਾ ਸੀ। ਸਾਈਕਲ ਮੈਂ ਬੱਸ ਅੱਡੇ ਰੱਖ ਗਿਆ। ਅੱਠ ਦਸ ਦਿਨਾਂ ਬਾਅਦ ਜਦ ਮੈਂ ਅੱਡੇ 'ਤੇ ਵਾਪਸ ਆਇਆ, ਪਰਚੀ ਦਿਖਾਈ ਤਾਂ ਮੇਰਾ ਸਾਈਕਲ ਮਿਲਿਆ ਨਾ। ਸਟੈਂਡ ਵਾਲੇ ਨੇ ਇਕ ਹੋਰ ਸਾਈਕਲ ਦੇ ਦਿੱਤਾ ਜੋ ਕਈ ਸਾਲ ਮੇਰੇ ਕੋਲ ਰਿਹਾ। ਅੱਜ 30-35 ਸਾਲ ਹੋ ਗਏ ਹਨ, ਜਦੋਂ ਦਾ ਸਕੂਟਰ, ਕਾਰ ਮਿਲੇ ਹਨ, ਸਾਈਕਲ ਨੂੰ ਹੱਥ ਨਹੀਂ ਲਾਇਆ। ਸਾਈਕਲ ਮੇਰੇ ਕੋਲ ਹੈ ਈ ਨਹੀਂ, ਪਰ ਉਸ ਦੀ ਯਾਦ ਨਿੱਘਾ ਅਹਿਸਾਸ ਕਰਾਉਂਦੀ ਹੈ।

# ਜਦੋਂ ਅਸੀਂ ਕਸੂਤੇ ਫਸੇ..

ਡਾ. ਗੁਰਮੀਤ ਸਿੰਘ ਬੈਦਵਾਣ

ਤੇਈ 1974 ਦਾ ਦਿਨ ਸੀ। ਸਾਡੇ ਸਕੂਲ ਚੁੰਨੀ ਕਲਾਂ ਵਿੱਚ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਸ਼ਹੀਦ ਭਗਤ ਸਿੰਘ ਬਾਰੇ ਕ੍ਰਾਂਤੀਕਾਰੀ ਕਵਿਤਾਵਾਂ ਅਤੇ ਭਾਸ਼ਣ ਸੁਣ ਕੇ ਅਸੀਂ ਦਸਵੀਂ ਜਮਾਤ ਦੇ ਵਿਦਿਆਰਥੀ ਕੁਝ ਜ਼ਿਆਦਾ ਹੀ ਉਤੇਜਿਤ ਹੋ ਗਏ। ਪ੍ਰੋਗਰਾਮ ਤੋਂ ਬਾਅਦ ਜਦੋਂ ਅਸੀਂ ਆਪਣੇ ਪਿੰਡ ਬਾਸੀਆਂ ਬੈਦਵਾਣ ਆਏ ਤਾਂ ਸਬੱਬ ਇਹ ਬਣਿਆ ਕਿ ਪਿੰਡ ਦੇ ਹੱਟੀ ਵਾਲੇ ਮੁੰਨਾ ਲਾਲ ਨੂੰ ਨਾਪ ਤੋਲ ਮਹਿਕਮੇ ਦਾ ਇੰਸਪੈਕਟਰ ਇਸ ਗੱਲੋਂ ਘੂਰ ਰਿਹਾ ਸੀ ਕਿ ਉਸ ਦੇ ਪੱਥਰਾਂ ਵਾਲੇ ਵੱਟੇ ਜਾਅਲੀ ਹਨ। ਉਹ ਚੀਜ਼ਾਂ ਦੇ ਲੈਣ ਦੇਣ ਵੇਲੇ ਵੱਖ-ਵੱਖ ਵੱਟੇ ਵਰਤਦਾ ਸੀ। ਪਿੰਡ ਦੇ ਆਮ ਲੋਕਾਂ ਨੂੰ ਉਨ੍ਹਾਂ ਦੀ ਪਛਾਣ ਨਹੀਂ ਸੀ। ਇਸ ਰੌਲੇ ਦੌਰਾਨ ਹੋਰ ਲੋਕਾਂ ਨਾਲ ਮੈਂ ਤੇ ਮੇਰਾ ਜਮਾਤੀ ਪਾਲ ਸਿੰਘ, ਜੋ ਪਿੱਛੇ ਜਿਹੇ ਬੈਂਕ ਤੋਂ ਸੀਨੀਅਰ ਮੈਨੇਜਰ ਸੇਵਾ ਮੁਕਤ ਹੋਇਆ ਹੈ, ਦੁਕਾਨ ਵਿੱਚ ਜਾ ਵੜੇ। ਪਿੰਡ ਦੇ ਇਕ ਬੰਦੇ ਨੇ ਦੁਕਾਨਦਾਰ ਤੋਂ ਇੰਸਪੈਕਟਰ ਨੂੰ ਤੀਹ ਰੁਪਏ ਦਵਾ ਕੇ ਮਾਮਲਾ ਨਿਪਟਾ ਦਿੱਤਾ। ਅਸੀਂ ਵਿਰੋਧ ਕੀਤਾ ਪਰ ਕਿਸੇ ਨਾ ਸੁਣੀ। ਲੋਕ ਉਚੀ-ਉਚੀ ਹੱਸਦੇ ਤੇ ਗੱਲਾਂ ਕਰਦੇ ਆਪਣੇ ਕੰਮ ਜਾ ਲੱਗੇ। ਕਈ ਕਹਿ ਰਹੇ ਸਨ 'ਇੰਸਪੈਕਟਰ ਤੀਹ ਕੇ ਤੀਰ ਨੈਂ ਬਿੰਨ੍ਹ ਦਿਆ'।

ਦੁਕਾਨ ਤੋਂ ਬਾਹਰ ਨਿਕਲ ਕੇ ਅਸੀਂ ਦੋਵਾਂ ਨੇ ਗਿਟਮਿਟ ਕੀਤੀ ਕਿ ਇਉਂ ਪਿੰਡ ਵਾਲਿਆਂ ਦੀ ਹੋ ਰਹੀ ਲੁੱਟ ਨਹੀਂ ਰੁਕਣੀ। ਸ਼ਹੀਦੀ ਸਮਾਗਮ ਦਾ ਅਸਰ ਸਾਡੇ ਮਨਾਂ 'ਤੇ ਏਨਾ ਭਾਰੂ ਸੀ ਕਿ ਅਸੀਂ ਤਤਕਾਲੀ ਮੁੱਖ ਮੰਤਰੀ ਦੇ ਨਾਂ ਇਸ ਕੇਸ ਦੀ ਸ਼ਿਕਾਇਤ ਲਿਖ ਘੱਲੀ। ਸਾਰੀ ਗੱਲ ਦਾ ਸਰਪੰਚ ਨੂੰ ਵੀ ਪਤਾ ਸੀ। ਉਸ ਨੇ ਵੀ ਦਰਖਾਸਤ 'ਤੇ ਮੋਹਰ ਲਾ ਦਿੱਤੀ। ਮੁੱਖ ਮੰਤਰੀ ਦੇ ਦਫਤਰ ਗਏ ਇਸ ਕੇਸ ਦੀ ਤਿੰਨ ਮਹੀਨੇ ਪਿੱਛੋਂ ਇਨਕੁਆਰੀ ਆ ਗਈ। ਥਾਣਾ ਬਨੂੜ ਤੋਂ ਥਾਣੇਦਾਰ ਸਬੰਧਤ ਇੰਸਪੈਕਟਰ ਨੂੰ ਜੀਪ ਵਿੱਚ ਬਿਠਾ ਕੇ ਪਿੰਡ ਲੈ ਆਇਆ। ਸਾਬਕਾ ਸਰਪੰਚ ਕਾਕਾ ਸਿੰਘ ਦੇ ਅੰਬਾਂ ਥੱਲੇ ਇਕੱਠ ਹੋ ਗਿਆ। ਲੋਕ ਗੱਲਾਂ ਕਰਦੇ ਸੁਣਦੇ ਸਨ, 'ਅੱਛਿਆ ਫੇਰ ਇਨ੍ਹਾਂ ਨੈਂ ਪੰਗਾ ਲੇਈ ਲਿਆ। ਇਹ ਉਦਣ ਬੀ ਕੁਸ ਜਾਅਦਾ ਈ ਬੋਲੈਂ ਤੇ।'

ਦੁਕਾਨਦਾਰ ਮੁੰਨਾ ਲਾਲ ਲੋਕਾਂ ਵੱਲ ਕੋਈ ਨਾ ਕੋਈ ਉਧਾਰ ਕੱਢੀ ਰੱਖਦਾ ਸੀ, ਜਿਸ ਕਰਕੇ ਲੋਕ ਉਸ ਤੋਂ ਝਿਪਦੇ ਸਨ ਤੇ ਉਹ ਆਪਣੀ ਹੋ ਰਹੀ ਲੁੱਟ ਵੱਲ ਧਿਆਨ ਨਹੀਂ ਸੀ ਦਿੰਦੇ। ਪਿੰਡ ਵਿੱਚ ਸ਼ਾਇਦ ਇਹ ਆਪਣੀ ਕਿਸਮ ਦੀ ਪਹਿਲੀ ਇਨਕੁਆਰੀ ਸੀ। ਮੈਨੂੰ ਤੇ ਮੇਰੇ ਦੋਸਤ ਨੂੰ ਥਾਣੇਦਾਰ ਦੇ ਸਾਹਮਣੇ ਹੋ ਕੇ ਖੜੇ ਹੋਣ ਲਈ ਕਿਹਾ ਗਿਆ। ਸਭ ਤੋਂ ਪਹਿਲਾਂ ਸਰਪੰਚ ਨੂੰ ਪੁੱਛਿਆ ਗਿਆ ਕਿ ਤੁਸੀਂ ਇਨ੍ਹਾਂ ਦੀ ਦਰਖਾਸਤ 'ਤੇ ਮੋਹਰ ਲਾਈ ਹੈ, ਤੁਸੀਂ ਦੱਸੋ ਕੀ ਮਸਲਾ ਹੈ? ਸਰਪੰਚ ਬੋਲਿਆ, 'ਜੀ ਮੈਂ ਮੌਕੇ ਪਰ ਹਾਜ਼ਰ ਨੀ ਤਾ, ਇਨ੍ਹਾਂ ਨੈਂ ਮੇਰੇ ਘਰਾਂ ਜਾ ਕੈ ਮੂਹਰ ਲੁਆਈ ਐ। ਊਂ ਗਰੌਂ ਮਾ ਇਸ ਬਾਤ ਕਾ ਰੌਲਾ ਜਾ ਖਾਸਾ ਹੋਇਆ ਤਾ।' ਮੁੰਨਾ ਲਾਲ ਦੇ ਕਰਜ਼ੇ ਥੱਲੇ ਦੱਬਿਆ ਗਿਆਨ ਸਿੰਘ ਪੰਚ ਦੁਕਾਨਦਾਰ ਵੱਲੋਂ ਸਫਾਈ ਦੇਣ ਲੱਗਾ, 'ਜੀ ਮ੍ਹਾਰੇ ਗਰੌਂ ਮਾ ਯੋਹ ਪਹਿਲੀ ਬਾਰਦਾਤ ਹੋਈ ਐ, ਕੈਂ ਸਾਲ ਹੋਗੇ ਕੋਈ ਗੱਲ ਨਾ ਬਾਤ। ਕੱਚੇ ਪੱਕੇ ਬੱਟਿਆਂ ਦਾ ਕੋਈ ਫਰਕ ਨੀ ਹੁੰਦਾ। ਇਹ ਨਿਆਣੇ ਸਰਾਰਤੀ ਐ।' ਗਿਆਨ ਸਿੰਘ ਆਪਣੀ ਅਗਿਆਨਤਾ ਵਸ ਕਹਿ ਰਿਹਾ ਸੀ, 'ਇਬ ਤਾਂ ਇਨ੍ਹਾਂ ਨਿਆਣਿਆਂ ਪਰ ਝੂਠੀ ਸਕੈਤ ਦਾ ਕੇਸ ਬਣਨਾ ਚਾਹੀਦਾ।' ਪਿੰਡ ਦੇ ਇਕੱਠ ਵਿੱਚ ਕਿਸੇ ਸਾਡੀ ਹਾਮੀ ਨਾ ਭਰੀ। ਪਿੰਡ ਦੀ ਇਸ ਹੀਣ ਭਾਵਨਾ ਨੂੰ ਅਸੀਂ ਦਿਲ ਨਾਲ ਮਹਿਸੂਸ ਕੀਤਾ। ਸਾਰਾ ਮਸਲਾ ਭਾਂਪਦਿਆਂ ਥਾਣੇਦਾਰ ਲੋਕਾਂ ਨੂੰ ਸੰਬੋਧਨ ਹੋਇਆ, 'ਮੇਰਾ ਵੀ ਤਜਰਬਾ ਹੈ। ਜੇ ਅੱਜ ਇਸ ਇਕੱਠ ਵਿੱਚ ਸੱਚਾ ਕੇਸ ਗਵਾਹਾਂ ਦੀ ਘਾਟ ਕਾਰਨ ਦਮ ਤੋੜ ਗਿਆ ਤਾਂ ਇਸ ਇਕੱਠ ਦੇ ਕਹਿਣ 'ਤੇ ਮੈਂ ਝੂਠਾ ਕੇਸ ਕਿਵੇਂ ਬਣਾ ਦਿਆਂ।' ਉਸ ਨੇ ਸਾਨੂੰ ਨਾ ਝਿੜਕਿਆ, ਨਾ ਮਾਰਿਆ, ਸਗੋਂ ਕਿਹਾ; ਜਾਓ, ਧਿਆਨ ਨਾਲ ਪੜ੍ਹਿਆ ਕਰੋ, ਤੁਹਾਡੀ ਪੜ੍ਹਾਈ ਕੋਈ ਰੰਗ ਲਿਆ ਸਕਦੀ ਹੈ। ਇਹ ਸੁਣ ਕੇ ਲੋਕ ਗੱਲਾਂ ਕਰ ਰਹੇ ਸਨ, 'ਜਿਹਾ ਜਾ ਰੰਗ ਇਬ ਲਗ ਗਿਆ, ਗਹਾਂ ਨੂੰ ਫੇਰ ਲਗ ਜੂ।' ਅਸੀਂ ਪਿੰਡ ਦੀ ਭਲਾਈ ਲਈ ਲੜੀ ਜ਼ਿੰਦਗੀ ਦੀ ਪਹਿਲੀ ਲੜਾਈ ਪਿੰਡ ਦੀ ਹੀ ਕਚਹਿਰੀ ਵਿੱਚ ਹਾਰ ਗਏ।

ਦਸਵੀਂ ਪਾਸ ਕਰਨ ਤੋਂ ਬਾਅਦ ਨੌਕਰੀ ਅਤੇ ਅਗਰੇਲੀ ਪੜ੍ਹਾਈ ਕਰਦਿਆਂ ਅਸੀਂ ਪਿੰਡ ਦੇ ਨੌਜੁਆਨ ਸਾਥੀਆਂ ਨੂੰ ਲਾਮਬੰਦ ਕਰਨਾ ਸ਼ੁਰੂ ਕਰ ਦਿੱਤਾ। ਸਿੱਟੇ ਵਜੋਂ ਪਹਿਲਾਂ ਨੌਜੁਆਨ ਸਭਾ ਬਣੀ ਅਤੇ ਫਿਰ ਪਿੰਡ ਭਲਾਈ ਫੋਰਮ। ਆਪਣੇ ਖਰਚੇ 'ਤੇ ਪਿੰਡ ਦੇ ਵਿਕਾਸ ਕਾਰਜਾਂ ਵਿੱਚ ਜੁੱਟ ਗਏ। ਨੌਜੁਆਨ ਪਿੰਡ ਦੀ ਅਗਵਾਈ ਕਰਨ ਲੱਗੇ। ਉਨ੍ਹਾਂ ਵਿੱਚੋਂ ਕੋਈ ਸਰਪੰਚ ਬਣਿਆ, ਕੋਈ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਤੇ ਕੋਈ ਪਿੰਡ ਦਾ ਡੇਅਰੀ ਵਿਕਾਸ ਵੇਖਣ ਲੱਗਾ। ਨੌਜੁਆਨਾਂ ਦੇ ਉਦਮ ਨੂੰ ਦੇਖਦਿਆਂ ਪਿੰਡ ਦੇ ਲੋਕ ਆਪਣੇ ਭਲੇ ਲਈ ਜਾਗਰੂਕ ਹੋਣ ਲੱਗੇ, ਅਜਿਹੇ ਵੇਲੇ ਪਿੰਡ ਦੀ ਹੀਣ ਭਾਵਨਾ ਵਾਲੀ ਸੋਚ ਖੰਭ ਲਾ ਕੇ ਕਿਧਰੇ ਉਡ ਗਈ ਪ੍ਰਤੀਤ ਹੋਣ ਲੱਗੀ।

# ਉਲਟੇ ਹੋਰ ਜ਼ਮਾਨੇ ਆਏ

-ਪ੍ਰਦੀਪ ਦੌਧਰੀਆ-

ਅੱਜ ਤੋਂ ਤੀਹ ਕੁ ਸਾਲ ਪਹਿਲਾਂ ਤੱਕ ਬੱਸ ਜਾਂ ਰੇਲ ਗੱਡੀ ਦਾ ਸਫਰ ਬੜੇ ਅਨੋਖੇ ਤਰ੍ਹਾਂ ਦਾ ਹੁੰਦਾ ਸੀ। ਸਫਰ ਸ਼ੁਰੂ ਕਰੋ ਤਾਂ ਹਰ ਮੁਸਾਫਿਰ ਕੋਈ ਨਾ ਕੋਈ ਅਖਬਾਰ, ਰਸਾਲਾ ਪੜ੍ਹ ਰਿਹਾ ਹੁੰਦਾ ਜਾਂ ਆਪਣੇ ਅਕੀਦੇ, ਮਜ਼ਹਬ ਮੁਤਾਬਕ ਪਾਠ ਕਰ ਰਿਹਾ ਹੁੰਦਾ। ਜੇ ਕੋਈ ਇਹ ਕੁਝ ਨਾ ਕਰ ਰਿਹਾ ਹੁੰਦਾ ਤਾਂ ਨਾਲ ਦੀ ਜਾਣੂ ਜਾਂ ਅਣਜਾਣ ਸਵਾਰੀ ਨਾਲ ਗੱਲਬਾਤ ਹੀ ਕਰ ਰਿਹਾ ਹੁੰਦਾ। ਗੱਲਬਾਤਾਂ ਦਾ ਇਹ ਸਿਲਸਿਲਾ ਬੱਸ ਦੀਆਂ ਸੀਟਾਂ ਤੋਂ ਸ਼ੁਰੂ ਹੋ ਕੇ ਸ਼ਹਿਰ ਦੀਆਂ ਸੜਕਾਂ, ਰਾਜ ਸਰਕਾਰ ਦੀਆਂ ਨਾਕਾਮੀਆਂ, ਮੁਲਕ ਪੱਧਰ 'ਤੇ ਹੋ ਰਹੇ ਘੁਟਾਲਿਆਂ ਤੇ ਕੌਮਾਂਤਰੀ ਪੱਧਰ 'ਤੇ ਅਮਰੀਕਾ ਦੀਆਂ ਨੀਤੀਆਂ ਤੱਕ ਪਹੁੰਚ ਜਾਂਦਾ। ਉਦੋਂ ਨੂੰ ਸਵਾਰੀ ਦਾ ਟਿਕਾਣਾ ਆ ਜਾਂਦਾ। ਬੈਠੀ ਰਹਿ ਗਈ ਸਵਾਰੀ ਨਵੇਂ ਜੋੜੀਦਾਰ ਨੂੰ ਉਡੀਕਦੀ ਤੇ ਗੱਲਬਾਤਾਂ ਦਾ ਸਿਲਸਿਲਾ ਮੁੜ ਸ਼ੁਰੂ ਹੋ ਜਾਂਦਾ। ਸਫਰ ਕਰਦਿਆਂ ਲੋਕਾਂ ਦੀਆਂ ਦੂਰ ਨੇੜੇ ਦੀਆਂ ਪੁਰਾਣੀਆਂ ਰਿਸ਼ਤੇਦਾਰੀਆਂ ਜਾਂ ਜਾਣ ਪਛਾਣਾਂ ਨਿਕਲ ਆਉਂਦੀਆਂ। ਪੁਰਾਣੇ ਬਜ਼ੁਰਗਾਂ ਦੀਆਂ ਗੱਲਾਂ ਹੁੰਦੀਆਂ। ਕਈ ਵਾਰ ਨਵੇਂ ਰਿਸ਼ਤੇ ਵੀ ਬਣ ਜਾਂਦੇ ਤੇ ਕੁੜੀ ਮੁੰਡੇ ਦੇ ਰਿਸ਼ਤੇ ਦੀ ਦੱਸ ਵੀ ਪੈ ਜਾਂਦੀ। ਬਿਮਾਰੀਆਂ ਦੇ ਇਲਾਜ ਵੀ ਮਿਲ ਜਾਂਦਾ। ਅਜਿਹੇ ਧਾਰਮਿਕ ਸਥਾਨਾਂ ਦਾ ਵੀ ਪਤਾ ਲੱਗ ਜਾਂਦਾ, ਜਿਥੇ ਸੁੱਖਾਂ ਸੁੱਖਣ ਨਾਲ ਮਨ ਦੀ ਮੁਰਾਦ ਪੂਰੀ ਹੋ ਜਾਂਦੀ ਹੋਵੇ। ਕਹਿਣ ਦਾ ਭਾਵ ਕਿ ਬੱਸ ਜਾਂ ਰੇਲ ਗੱਡੀ ਦਾ ਇਹ ਸਫਰ ਚਲਦਾ ਫਿਰਦਾ ਗਿਆਨ ਦਾ ਖਜ਼ਾਨਾ ਸੀ, ਜਿਥੇ ਹਰ ਜਾਣਕਾਰੀ ਮਿਲ ਜਾਂਦੀ ਸੀ। ਇਸ ਤੋਂ ਇਲਾਵਾ ਲੰਮੇ ਸਫਰ ਵਿੱਚ ਖਾਣਾ ਪੀਣਾ ਵੀ ਇਕ ਦੂਜੇ ਨਾਲ ਸਾਂਝਾ ਕਰ ਲਿਆ ਜਾਂਦਾ ਸੀ। ਉਸ ਵੇਲੇ ਨਾਲ ਦੀ ਸਵਾਰੀ ਨਾਲ ਖਾਣਾ ਪਾਣੀ ਸਾਂਝਾ ਕਰਨਾ ਹਰ ਕੋਈ ਫਰਜ਼ ਸਮਝਦਾ ਸੀ। ਸੰਨ 1990-91 ਦੀ ਗੱਲ ਐ, ਆਪਣੇ ਦਿੱਲੀ ਪਰਵਾਸ ਵੇਲੇ ਮੈਨੂੰ ਹਰ ਹਫਤੇ ਦਿੱਲੀ ਆਉਣਾ ਜਾਣਾ ਹੁੰਦਾ ਸੀ। ਲੁਧਿਆਣਿਓਂ ਸਵੇਰੇ ਸੁਪਰਫਾਸਟ ਰੇਲ ਗੱਡੀ 'ਤੇ ਸਵਾਰ ਹੋ ਕੇ ਬਾਅਦ ਦੁਪਹਿਰੇ ਦਿੱਲੀ ਪਹੁੰਚ ਜਾਂਦੇ ਤੇ ਸਫਰ ਦਾ ਪਤਾ ਹੀ ਨਹੀਂ ਸੀ ਲੱਗਦਾ ਕਿ ਕਦ ਅੱਪੜ ਗਏ।

ਅਣਜਾਣ ਸਵਾਰੀਆਂ ਨਾਲ ਸ਼ੁਰੂ ਹੋਈ ਗੁਫਤਗੂ ਟਿਕਾਣੇ ਉੱਤੇ ਪਹੁੰਚਣ ਤੱਕ ਵੀ ਖਤਮ ਨਾ ਹੁੰਦੀ। ਇਸ ਵਾਅਦੇ ਨਾਲ ਉਤੇ ਉਤਰਦੇ ਕਿ ਅਗਲੀ ਵਾਰ ਫਿਰ ਮਿਲਾਂਗੇ। ਸਾਰੇ ਸਫਰ ਦੌਰਾਨ ਗੱਲਬਾਤਾਂ ਸਾਂਝੀਆਂ ਕਰਨ ਦੇ ਨਾਲ ਰੋਟੀ ਪਾਣੀ ਵੀ ਸਾਂਝਾ ਹੋ ਜਾਂਦਾ। ਘਰੋਂ ਸਵੇਰੇ ਤੁਰਨ ਲੱਗੇ ਮਾਂ ਨੇ ਦੋ ਰੋਟੀਆਂ ਬੰਨ੍ਹ ਦੇਣੀਆਂ ਤਾਂ ਮੈਂ ਹਮੇਸ਼ਾ ਕਹਿਣਾ, 'ਮਾਤਾ! ਜੇ ਵੱਧ ਰੋਟੀਆਂ ਦੇਣੀਆਂ ਤਾਂ ਦੇ। ਨਹੀਂ ਤਾਂ ਇਹ ਵੀ ਰਹਿਣ ਦੇ। ਰਾਹ ਵਿੱਚ ਰੋਟੀ ਖਵਾਉਣ ਵਾਲੇ ਬਹੁਤ ਮਿਲ ਜਾਣਗੇ।' ਉਦੋਂ ਇਕ ਰਿਵਾਜ਼ ਸੀ ਕਿ ਕੋਈ ਵੀ ਸਵਾਰੀ ਇਕੱਲਿਆਂ ਖਾਣਾ ਨਹੀਂ ਸੀ ਖਾਂਦੀ। ਉਹ ਨਾਲ ਬੈਠੀ ਸਵਾਰੀ ਨੂੰ ਲਾਜ਼ਮੀ ਪੁੱਛਦੀ ਸੀ ਤੇ ਨਾਲ ਦੀ ਸਵਾਰੀ ਨਾਂਹ ਨੁੱਕਰ ਕਰਦੀ ਹੋਈ ਆਪਣੀ ਰੋਟੀ ਵੀ ਉਸ ਨਾਲ ਸਾਂਝੀ ਕਰ ਲੈਂਦੀ ਸੀ। ਉਦੋਂ ਕਿਸੇ ਕੋਲੋਂ ਖਾਣਾ ਖਾਣ ਜਾਂ ਕਿਸੇ ਵੀ ਖਵਾਉਣ ਦੀ ਕੋਈ ਸ਼ਰਮ ਨਹੀਂ ਸੀ।

ਮੈਨੂੰ ਯਾਦ ਹੈ ਕਿ ਇਕ ਵਾਰ ਮੇਰੇ ਮਾਤਾ ਜੀ ਨੇ ਮੱਕੀ ਦੀਆਂ ਦਸ ਕੁ ਰੋਟੀਆਂ ਤੇ ਤਾਜ਼ਾ ਸਾਗ ਬੰਨ੍ਹ ਕੇ ਦੇ ਦਿੱਤਾ ਤੇ ਕਿਹਾ ਕਿ ਇਹ ਕਿਹੜਾ ਖਰਾਬ ਹੋਣਾ। ਦੋ ਤਿੰਨ ਦਿਨ ਗਰਮ ਕਰਕੇ ਖਾਂਦਾ ਰਹੀਂ। ਸਾਰਾ ਕੁਝ ਬੈਗ ਵਿੱਚ ਪਾਇਆ ਤੇ ਟਰੇਨ 'ਚ ਬਹਿ ਗਿਆ। ਲੁਧਿਆਣਿਓਂ ਚੱਲ ਕੇ ਹਾਲੇ ਅੰਬਾਲਾ ਨਹੀਂ ਸਾਂ ਪਹੁੰਚਿਆ ਕਿ ਢਿੱਡ ਵਿੱਚ ਚੂਹੇ ਟੱਪਣ ਲੱਗੇ। ਤਦੇ ਪੋਣੇ 'ਚ ਵਲ੍ਹੇਟੀਆਂ ਰੋਟੀਆਂ ਖੋਲ੍ਹ ਲਈਆਂ। ਮੇਰੇ ਕੁਝ ਬੋਲਣ ਤੋਂ ਪਹਿਲਾਂ ਨਾਲ ਦੀ ਸਵਾਰੀ ਬੋਲੀ, 'ਵਾਹ! ਮੱਕੀ ਦੀਆਂ ਰੋਟੀਆਂ ਅਤੇ ਸਰ੍ਹੋਂ ਦਾ ਸਾਗ। ਸਹੁੰ ਬਾਪੂ ਦੀ, ਬੜਾ ਸਵਾਦ ਹੁੰਦਾ।' ਅਗਲੇ ਪੰਜਾਂ ਮਿੰਟਾਂ ਵਿੱਚ ਸਾਡੇ ਆਸੇ ਪਾਸੇ ਬੈਠੀਆਂ ਸਾਰੀਆਂ ਸਵਾਰੀਆਂ ਦੇ ਹੱਥ 'ਤੇ ਮੱਕੀ ਦੀ ਰੋਟੀ ਤੇ ਉਤੇ ਸਾਗ ਸੀ। ਸਾਰੇ ਉਂਗਲੀਆਂ ਚੱਟ-ਚੱਟ ਕੇ ਮਾਂ ਦੇ ਹੱਥੀਂ ਬਣੇ ਸਾਗ ਦੀ ਤਾਰੀਫ ਕਰ ਰਹੇ ਸਨ ਤੇ ਮੇਰਾ ਦਿਲ ਬਾਗੋਬਾਗ ਹੋ ਰਿਹਾ ਸੀ। ਮੈਂ ਬਾਬੇ ਨਾਨਕ ਦਾ ਸੱਚੇ ਦਿਲੋਂ ਧੰਨਵਾਦ ਕਰ ਰਿਹਾ ਸਾਂ, ਜਿਸ ਨੇ ਸਾਨੂੰ ਪੰਜਾਬੀਆਂ ਨੂੰ ਵੰਡ ਛਕਣ ਦਾ ਸਬਕ ਦਿੱਤਾ ਸੀ। ਇਸੇ ਤਰ੍ਹਾਂ ਇਕ ਵਾਰ ਗਰਮੀਆਂ ਦੇ ਦਿਨਾਂ ਵਿੱਚ ਜਲੰਧਰੋਂ ਲੁਧਿਆਣੇ ਲਈ ਬੱਸ ਵਿੱਚ ਬੈਠਿਆ। ਫਗਵਾੜੇ ਪਹੁੰਚਦੇ ਤੱਕ ਪਿਆਸ ਲੱਗਣ ਲੱਗੀ ਤਾਂ ਬਾਹਰੋਂ ਪਾਣੀ ਦੀ ਬੋਤਲ ਖਰੀਦ ਲਈ। ਬੋਤਲ ਖੋਲ੍ਹ ਕੇ ਮੂੰਹ ਨੂੰ ਲਾਉਣ ਹੀ ਲੱਗਾ ਸਾਂ ਕਿ ਨਾਲ ਬੈਠੀ ਬਜ਼ੁਰਗ ਮਾਤਾ ਵੱਲ ਧਿਆਨ ਗਿਆ ਤਾਂ ਬੋਤਲ ਮਾਤਾ ਵੱਲ ਕਰ ਦਿੱਤੀ। ਉਹ ਜਿਵੇਂ ਪਾਣੀ ਨੂੰ ਤਰਸ ਰਹੀ ਸੀ। ਮਾਤਾ ਨੇ ਓਕ ਨਾਲ ਆਪਣਾ ਸੁੱਕਾ ਗਲਾ ਤਰ ਕਰਕੇ ਜੋ ਅਸੀਸਾਂ ਦਿੱਤੀਆਂ, ਉਹਦੇ ਨਾਲ ਮੇਰੇ ਗਲੇ ਦੀ ਨਹੀਂ ਮੇਰੀ ਆਤਮਾ ਦੀ ਪਿਆਸ ਵੀ ਬੁਝ ਗਈ। ਇਹ ਸਭ ਬੀਤੇ ਸਮੇਂ ਦੀਆਂ ਗੱਲਾਂ ਸਨ।

ਇਹ ਗੱਲਾਂ ਮੈਂ ਅੱਜ ਕਿਉਂ ਕਰ ਰਿਹਾ ਹਾਂ। ਦਰਅਸਲ ਕੁਝ ਦਿਨ ਪਹਿਲਾਂ ਲੰਮੇ ਅਰਸੇ ਬਾਅਦ ਪਹਿਲਾਂ ਜਨਰਲ ਰੇਲ ਵਿੱਚ ਤੇ ਫਿਰ ਉਸੇ ਦਿਨ ਬੱਸ ਵਿੱਚ ਸਫਰ ਕਰਨ ਦਾ ਮੌਕਾ ਮਿਲਿਆ। ਜਨਰਲ ਟਰੇਨ ਵਿੱਚ ਸਫਰ ਦੌਰਾਨ ਮੈਂ ਵੇਖ ਕੇ ਹੈਰਾਨ ਸਾਂ ਕਿ ਉਥੇ ਸਾਰਾ ਸਫਰ ਵਾਲਾ ਮਾਹੌਲ ਹੀ ਬਦਲ ਗਿਆ ਏ। ਮੈਨੂੰ ਮਹਿਸੂਸ ਹੀ ਨਹੀਂ ਸੀ ਹੋ ਰਿਹਾ ਕਿ ਮੈਂ ਪੰਜਾਬ ਵਿੱਚ ਸਫਰ ਕਰ ਰਿਹਾ ਹਾਂ। ਹਰ ਮੁਸਾਫਿਰ ਆਪਣੇ ਆਪ ਵਿੱਚ ਮਗਨ। ਕੋਈ ਅਖਬਾਰ, ਰਸਾਲਾ ਨਹੀਂ ਸੀ ਪੜ੍ਹ ਰਿਹਾ ਤੇ ਨਾ ਕੋਈ ਪਾਠ ਕਰ ਰਿਹਾ ਸੀ। ਹਰੇਕ ਦੇ ਹੱਥ ਵਿੱਚ ਮੋਬਾਈਲ ਤੇ ਸਾਰੇ ਕੰਨਾਂ ਵਿੱਚ ਟੂਟੀਆਂ ਜਿਹੀਆਂ ਅੜਾ ਕੇ ਆਪਣੇ ਆਪ ਵਿੱਚ ਮਗਨ। ਆਪੇ ਹੱਸੀ ਜਾਂਦੇ ਸਨ, ਆਪੇ ਗੱਲਾਂ ਕਰੀ ਜਾਂਦੇ ਸਨ। ਨਾ ਨਾਲ ਬੈਠੀ ਸਵਾਰੀ ਦੀ ਕੋਈ ਸੁੱਧ ਤੇ ਨਾ ਆਪਣੇ ਆਪ ਦੀ। ਇਕ ਹੱਥ ਵਿੱਚ ਡਬਲ ਰੋਟੀ ਜਿਹੀ ਫੜੀ ਹੁੰਦੀ, ਨਾਲੇ ਆਪੇ ਗੱਲਾਂ ਕਰੀ ਜਾਣ ਤੇ ਨਾਲੇ ਨਾਲ ਉਸ ਡਬਲ ਰੋਟੀ ਨੂੰ ਬੇਧਿਆਨ ਹੋ ਕੇ ਖਾਈ ਜਾਣ। ਬਚਪਨ ਵਿੱਚ ਸਾਡੀ ਮਾਤਾ ਸਾਨੂੰ ਰੋਟੀ ਖਵਾਉਂਦੇ ਹੋਏ ਗੱਲ ਕਰਨ ਤੋਂ ਤੇ ਕੋਈ ਗੱਲ ਸੋਚਣ ਤੋਂ ਟੋਕਦੀ ਹੁੰਦੀ ਸੀ। ਕਹਿੰਦੀ ਸੀ ਕਿ ਇਹ ਅੰਨ ਦੇਵਤੇ ਦੀ ਤੌਹੀਨ ਹੈ, ਪਰ ਇਥੇ ਪਤਾ ਹੀ ਨਹੀਂ ਸੀ ਲੱਗਦਾ ਕਿ ਨਵੀਂ ਪਨੀਰੀ ਕਿਸ ਚੀਜ਼ ਨੂੰ ਖਾ ਰਹੀ ਏ। ਕਿਸੇ ਨਾਲ ਖਾਣਾ ਸਾਂਝਾ ਕਰਨਾ ਵੱਖਰੀ ਗੱਲ, ਕੋਈ ਕਿਸੇ ਨੂੰ ਬੁਲਾ ਹੀ ਨਹੀਂ ਰਿਹਾ। ਆਦਤ ਤੋਂ ਮਜਬੂਰ ਹੋ ਕੇ ਮੈਂ ਨਾਲ ਦੀ ਸਵਾਰੀ ਨਾਲ ਗੱਲ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਕੰਨਾਂ 'ਚੋਂ ਟੂਟੀਆਂ ਕੱਢ ਕੇ ਮੇਰੇ ਵੱਲ ਇੰਜ ਵੇਖਿਆ ਜਿਵੇਂ ਮੈਂ ਉਸ ਨੂੰ ਬੜੇ ਜ਼ਰੂਰੀ ਕੰਮ ਲੱਗੇ ਨੂੰ ਪਰੇਸ਼ਾਨ ਕੀਤਾ ਹੋਵੇ। ਇਥੇ ਮੈਨੂੰ ਯਾਦ ਆਇਆ ਕਿ ਸੰਨ 1992 ਦੌਰਾਨ ਦਿੱਲੀ ਤੋਂ ਜੋਧਪੁਰ ਦਾ ਉਹ ਸਫਰ ਜਦ ਮੇਰੇ ਕੋਲ ਖਾਣਾ ਤਾਂ ਕੀ ਇੰਨੇ ਲੰਮੇ ਸਫਲ ਲਈ ਪਾਣੀ ਤੱਕ ਵੀ ਨਹੀਂ ਸੀ ਤੇ ਉਤੋਂ ਸਾਰੇ ਮੁਸਾਫਿਰ ਅਣਜਾਣ। ਇਥੋਂ ਤੱਕ ਕਿ ਉਨ੍ਹਾਂ ਨਾਲ ਮੇਰੀ ਭਾਸ਼ਾ ਦੀ ਵੀ ਸਾਂਝ ਨਹੀਂ ਸੀ। ਮੈਂ ਠੇਠ ਪੰਜਾਬੀ ਤੇ ਉਹ ਮਾਰਵਾੜੀ ਪਰ ਦਿੱਲੀਓਂ ਟਰੇਨ ਚੱਲਣ ਦੇ ਤਕਰੀਬਨ ਘੰਟੇ ਕੁ ਬਾਅਦ ਗੱਲਬਾਤ ਦਾ ਅਜਿਹਾ ਦੌਰ ਸ਼ੁਰੂ ਕੀਤਾ ਕਿ ਹਰ ਕੋਈ ਮੈਨੂੰ ਧਿਆਨ ਨਾਲ ਸੁਣ ਰਿਹਾ ਸੀ। ਮਾਰਵਾੜੀਆਂ ਤੋਂ ਮੈਂ ਪਾਣੀ ਵੀ ਪੀਤਾ ਤੇ ਖਾਣਾ ਵੀ ਖਾਧਾ। ਇਕ ਵਾਰ ਮੇਰੀ ਮਾਤਾ ਨੇ ਮੇਰੇ ਨਾਲ ਦਿੱਲੀ ਜਾਣਾ ਸੀ। ਅਸੀਂ ਲੁਧਿਆਣਿਓਂ ਟਰੇਨ 'ਤੇ ਬੈਠੇ। ਮੈਂ ਉਤਲੇ ਫੱਟੇ ਉਤੇ ਚੜ੍ਹ ਕੇ ਬਹਿ ਗਿਆ। ਮਾਤਾ ਥੱਲੇ ਵਾਲੀ ਸੀਟ ਉਤੇ ਬੈਠ ਗਈ। ਮੇਰੀ ਮਾਤਾ ਨਾਲ ਇਕ ਹੋਰ ਸੂਬੇ ਦੀ ਵਸਨੀਕ ਔਰਤ ਵੀ ਬਹਿ ਗਈ ਸੀ। ਥੋੜ੍ਹੀ ਦੇਰ ਨੂੰ ਉਨ੍ਹਾਂ ਦੋਵਾਂ ਦੀ ਗੱਲਬਾਤ ਸ਼ੁਰੂ ਹੋ ਗਈ। ਮੈਂ ਹੈਰਾਨ ਸਾਂ ਕਿ ਉਹ ਇਕ ਦੂਜੀ ਦੀ ਗੱਲ ਕਿਵੇਂ ਸਮਝ ਰਹੀਆਂ ਸਨ। ਦਿੱਲੀ ਪਹੁੰਚਣ ਤੱਕ ਉਹ ਘੁਲ ਮਿਲ ਗਈਆਂ ਤੇ ਖਾਣਾ ਪੀਣਾ ਸਾਂਝਾ ਹੋ ਗਿਆ ਸੀ। ਇਹੋ ਸਾਡੀ ਪੰਜਾਬੀ ਸੱਭਿਅਤਾ ਹੈ, ਜਿਸ ਨੂੰ ਅਸੀਂ ਭੁੱਲਦੇ ਜਾ ਰਹੇ ਹਾਂ।


JEYA
LOOKING FOR LONG/SHORT HAULS
Hiring Team Drivers & Single drivers
DEDICATED A/Z DRIVERS FOR USA/LOCAL CANADA
- Jeya Transport ਵਾਲਿਆਂ ਨੂੰ US/CANADA ਲਈ A/Z ਡਰਾਈਵਰਾਂ ਦੀ ਲੋੜ
- Texas ਅਤੇ Midwest ਦੇ ਡੈਡੀਕੇਟਡ ਰਨ
- 2016-18 ਦੇ Automatic ਅਤੇ Manual Cascadia ਦੇ ਟਰੱਕ
- ਚੰਗੀ ਜੋਬ ਅਤੇ ਵਧੀਆ ਤਨਖਾਹ, ਵਧੀਆ ਮਾਈਲਜ਼ ਪਿਕਅਪ ਅਤੇ ਡਰਾਪ ਇੱਕੋ ਥਾਂ ਤੇ
- ਸਿੰਗਲ ਡਰਾਇਵਰਾਂ ਨੂੰ 0.60 ਸੈਂਟ ਪਰ ਮਾਇਲ, ਟੀਮ ਡਰਾਇਵਰਾਂ ਨੂੰ 0.66 ਸੈਂਟ
- Looking For dedicated A/Z Drivers For USA/Local Canada
- Every Pick up and Drop off is in the same place
- Good Job, Per Mile 0.60 Cents for single drivers & 0.66 Cents for team drivers
- New Trucks And Trailers 2016-2018
ALSO HIRING OWNER OPERATORS


202-2386 Haines Rd., Mississauga ON.
Sakshi: 647-534-5770 | Riki: 647-963-7131
Office: 905-564-8851
Email: ramesh@jeyatransport.com/sakshi@jeyatransport.com



UPPAL LAW
FREE CONSULTATION !
Avtar Uppal Manager
Aman Uppal BARRISTER, SOLICITOR
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)
OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)
Prices are subject to Taxes, do not include Government fees and service by appointment only. Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6



FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424



Tri-City Professional Realty Inc., Brokerage
Number 1 Tri-City agent in Canada on basis of sales volume 2015
ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
ਅਵਤਾਰ ਸਿੰਘ ਟਿਵਾਣਾ
ਫੋਨ: 416 802 5866
Tel: 905.793.5777
31 Melanie Dr. Unit #4 Brampton, ON L6T 5H8
Avtar Singh Tiwana
Sales Rep


Darcel/Brandon Gate
ਬਹੁਤ ਹੀ ਸੋਹਣਾ 3+1 ਬੈਡਰੂਮ, 2 ਵਾਸ਼ਰੂਮ ਦਾ ਸੈਮੀ ਡਿਟੈਚ ਘਰ, ਨਵੇਂ ਫਰੰਟ ਡੋਰ, ਈਟ ਇਨ ਕਿਚਨ, ਕੈਲੀਫੌਰਨੀਆ ਸ਼ਟਰਜ਼, ਸਹੂਲਤਾਂ ਵਿੱਚ ਗਰਾਜ ਉਪਨਰ, ਫਰਨਿਸ, ਲੈਮੀਨੇਟਡ ਫਲੋਰ।
Chinguacousy/Sandalwood
5 ਬੈਡਰੂਮ + 3 ਵਾਸ਼ਰੂਮ ਦਾ ਬਹੁਤ ਹੀ ਸੋਹਣਾ ਸੈਮੀ ਡੀਟੈਚਡ, ਡਬਲ ਸਟੋਰੀ ਘਰ, ਹਾਰਡਵੁਡ ਫਲੋਰ, ਡਬਲ ਡੋਰ ਗਰਾਜ, ਸਕੂਲ, ਬੱਸ ਸਟਾਪ, ਜਿਮ ਆਦਿ ਸਹੂਲਤਾਂ ਦੇ ਨੇੜੇ।
Niagara Falls Ontario
ਕਾਰੋਬਾਰ ਲਈ ਬਹੁਤ ਹੀ ਵਧੀਆ ਲੋਕੇਸ਼ਨ ਤੇ, ਬੀਜ਼ੀ ਪਲਾਜ਼ਾਂ ਅਤੇ ਹਾਈ ਟਰੈਫਕ ਫਲੋ, ਰੈਨੋਵੇਟਡ ਮੋਟਲ। ਨਾਈਗਰਾ ਫਾਲ ਦੇ ਨੇੜੇ, 49 ਰੂਮ ਤੇ ਹਰ ਰੂਮ ਵਿਚ ਟੀਵੀ, ਇੰਟਰਨੈਟ, ਫਰੀਜ਼, ਮਾਈਕਰੋਵੇਵ ਅਤੇ ਵਾਸ਼ਰੂਮ ਆਦਿ ਸਹੂਲਤਾਂ।
Castlemore/Goreway
4 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਡਿਟੈਚਡ ਘਰ, 3500 ਸਕੇਅਰ ਫੁੱਟ, ਹਾਰਡਵੁਡ ਫਲੋਰ, ਮੇਨ ਫਲੋਰ ਨੂੰ ਡੇਂਨ, ਬੈਸਮੈਂਟ ਨੂੰ ਸੈਪਰੇਟ ਏਨਟਰੈਂਸ। ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਮਾਲ ਆਦਿ ਦੇ ਨੇੜੇ।

# ਮੀਂਹ ਕਾਰਨ ਨਰਮਾ ਪੱਟੀ ਦੇ ਕਿਸਾਨਾਂ ਨੂੰ ਦੋਹਰੀ ਮਾਰ

*** ਝਾੜ ਵੀ ਘਟਿਆ ਤੇ ਫੁੱਲ ਬੁੱਕੀ ਵੀ ਝੜਨ ਲੱਗੀ**



ਮਾਨਸਾ, 22 ਅਕਤੂਬਰ (ਪੋਸਟ ਬਿਊਰੋ)- ਨਰਮਾ ਪੱਟੀ ਦੇ ਕਿਸਾਨ ਇਕੱਲੇ ਸਸਤੇ ਭਾਅ ਨੇ ਦੁਖੀ ਨਹੀਂ ਕੀਤੇ, ਖੇਤਾਂ ਵਿੱਚ ਅਚਾਨਕ ਨਰਮੇ ਦੀ ਫਸਲ 'ਚੋਂ ਨਿਕਲੇ ਧੂੰਏਂ ਨੇ ਵੀ ਖੇਤ ਖਾਲੀ ਕਰ ਦਿੱਤੇ ਹਨ। ਜਿਹੜੇ ਨਰਮੇ ਨੂੰ ਕਿਸਾਨ 40 ਮਣ ਏਕੜ ਨਿਕਲਣਾ ਸੋਚਦੇ ਹੁੰਦੇ ਸਨ, ਉਹ ਮਸਾਂ 30 ਮਣ ਉੱਤੇ ਆਣ ਖਲੋਤਾ ਹੈ।

ਵਰਨਣ ਯੋਗ ਹੈ ਕਿ ਕਿਸਾਨ ਨੂੰ ਭਾਅ ਤੋਂ ਪਹਿਲਾਂ ਝਾੜ ਨੇ ਝੰਬ ਸੁੱਟਿਆ ਸੀ। ਮੰਡੀ ਵਿੱਚ ਨਰਮਾ ਵੇਚਣ ਆਉਂਦੇ ਕਿਸਾਨ ਅੱਜ ਕੱਲ੍ਹ ਭਾਅ ਦੇ ਨਾਲ ਝਾੜ ਘਟਣ ਦਾ ਝੋਰਾ ਕਰ ਰਹੇ ਹਨ। ਭਾਰਤੀ ਕਪਾਹ ਕਾਰਪੋਰੇਸ਼ਨ ਦੇ ਮੰਡੀਆਂ ਵਿੱਚ ਨਾ ਆਉਣ ਕਾਰਨ ਭਾਅ ਘੱਟ ਮਿਲਿਆ ਹੈ, ਜਿਸ ਨੂੰ ਕਿਸਾਨ ਆਪਣੇ ਅੰਦੋਲਨਾਂ ਦੇ ਸਹਾਰੇ ਵਧਾ ਸਕਦੇ ਹਨ, ਪਰ ਘਟੇ ਹੋਏ ਝਾੜ ਨੇ ਕਿਸਾਨ ਦੇ ਸੁਪਨਿਆਂ ਨੂੰ ਸੁਕਾ ਦੇਣਾ ਹੈ। ਮਾਨਸਾ ਦੀ ਅਨਾਜ ਮੰਡੀ ਵਿੱਚ ਕੱਲ੍ਹ ਨਰਮਾ ਵੇਚਣ ਆਏ ਇਕ ਦਰਜਨ ਤੋਂ ਵੱਧ ਕਿਸਾਨਾਂ ਨੇ ਨਰਮੇ ਨੂੰ ਮੀਂਹ ਤੋਂ ਬਾਅਦ ਅਚਾਨਕ ਡਿੱਗੀ ਫੁੱਲ ਬੁੱਕੀ ਦਾ ਸਭ ਤੋਂ ਵੱਧ ਰੋਣਾ ਰੋਇਆ। ਉਨ੍ਹਾਂ ਦਾ ਕਹਿਣਾ ਹੈ ਕਿ ਜਿਹੜੇ ਨਰਮੇ ਨੂੰ ਬਿਲਾਂ ਉਪਰ ਖਰੀਦਿਆ ਗਿਆ ਸੀ ਤੇ ਉਨ੍ਹਾਂ ਦਾ ਦੁਕਾਨਦਾਰਾਂ ਅਤੇ ਖੇਤੀਬਾੜੀ ਮਹਿਕਮੇ ਦੇ ਮਾਹਰਾਂ ਨੇ 25 ਮਣ ਤੋਂ ਵੱਧ ਝਾੜ ਦੱਸਿਆ ਸੀ, ਉਹ ਨਰਮੇ 20 ਮਣ 'ਤੇ ਰਹਿ ਗਏ ਹਨ। ਅਨੇਕਾਂ ਪਿੰਡਾਂ ਦੇ ਕਿਸਾਨਾਂ ਦਾ ਕਹਿਣਾ ਹੈ ਕਿ ਨਰਮੇ ਵਿੱਚ ਮੀਂਹਾਂ ਤੋਂ ਪਹਿਲਾਂ ਦਾ ਜਲੌਅ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਖੇਤੀ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਵਾਲੇ ਬੀਜ ਝਾੜ ਪੱਖੋਂ ਅੱਧ ਵਿਚਾਲੇ ਡੋਬਾ ਦੇ ਗਏ ਹਨ।

## ਪੇਕੇ ਆਈ ਨਵ ਵਿਆਹੁਤਾ ਦੇ ਦਿਮਾਗ ਦੀ ਨਸ ਰੇਲ ਹਾਦਸਾ ਦੇਖ ਕੇ ਫਟਣ ਨਾਲ ਮੌਤ



ਅੰਮ੍ਰਿਤਸਰ, 22 ਅਕਤੂਬਰ (ਪੋਸਟ ਬਿਊਰੋ)- ਇਸ ਮਹਾਨਗਰ ਦੇ ਮੋਹਕਮਪੁਰਾ ਬਿੱਲੇ ਵਾਲਾ ਚੌਕ ਵਿੱਚ ਆਪਣੇ ਪੇਕੇ ਘਰ ਦੁਸਹਿਰਾ ਦੇਖਣ ਆਈ 20 ਸਾਲਾ ਰਿੰਪੀ ਦੀ ਦਿਮਾਗ ਦੀ ਨਸ ਫੱਟਣ ਨਾਲ ਬੀਤੀ ਰਾਤ ਸਥਾਨਕ ਹਸਪਤਾਲ ਵਿੱਚ ਮੌਤ ਹੋ ਗਈ। ਉਹ ਹਾਦਸਾ ਵੇਖਣ ਤੋਂ ਬਾਅਦ ਸਦਮੇ ਵਿੱਚ ਸੀ।

ਰਿੰਪੀ ਦੇ ਭਰਾ ਦੀਪਕ ਨੇ ਦੱਸਿਆ ਕਿ ਉਸ ਦੀ ਭੈਣ ਦਾ ਵਿਆਹ ਛੇ ਮਹੀਨੇ ਪਹਿਲਾ ਨਿਊ ਅੰਮ੍ਰਿਤਸਰ ਵਿੱਚ ਹੋਇਆ ਸੀ। ਉਹ ਵਿਆਹ ਦੇ ਬਾਅਦ ਪਹਿਲਾ ਦੁਸਹਿਰਾ ਦੇਖਣ ਲਈ ਪੇਕੇ ਘਰ ਆਈ ਸੀ। ਜੌੜਾ ਫਾਟਕ ਵਿੱਚ ਹੋਏ ਰੇਲ ਹਾਦਸੇ ਦਾ ਸਾਰਾ ਦ੍ਰਿਸ਼ ਉਸ ਨੇ ਆਪਣੇ ਅੱਖੀਂ ਦੇਖਿਆ। ਜਦ ਉਹ ਘਟਨਾ ਦੇ ਬਾਅਦ ਘਰ ਆਈ ਤਾਂ ਸਿਰ ਦਰਦ ਕਹਿਣ ਲੱਗੀ ਤੇ ਇਕਦਮ ਉਸ ਦੇ ਦਿਮਾਗ ਦੀ ਨਸ ਫੱਟ ਗਈ, ਜਿਸ ਨਾਲ ਉਸ ਦੇ ਮੂੰਹ ਤੋਂ ਖੂਨ ਆਉਣ ਲੱਗ ਪਿਆ। ਉਸ ਨੂੰ ਸਥਾਨਕ ਹਸਪਤਾਲ ਵਿੱਚ ਇਲਾਜ ਲਈ ਲਿਆਂਦਾ ਗਿਆ, ਉਥੋਂ ਉਸ ਨੂੰ ਕਿਸੇ ਹੋਰ ਹਸਪਤਾਲ ਵਿੱਚ ਲਿਜਾਇਆ ਗਿਆ, ਜਿਥੇ ਕੱਲ੍ਹ ਰਾਤ ਉਸ ਦੀ ਮੌਤ ਹੋ ਗਈ। ਮਨਜੀਤ ਕੌਰ ਦੀ ਮਾਂ ਨੇ ਦੱਸਿਆ ਕਿ ਛੇ ਮਹੀਨੇ ਪਹਿਲਾ ਉਨ੍ਹਾਂ ਨੇ ਆਪਣੇ ਹੱਥੀਂ ਬੇਟੀ ਦਾ ਕੰਨਿਆਦਾਨ ਕੀਤਾ ਤੇ ਉਸ ਦੀ ਵਿਦਾਈ ਕੀਤੀ ਸੀ।

HOMELIFE SILVERCITY
Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

# ਸੈਕਰਾਮੈਂਟੋ ਵਿੱਚ ਰਣਜੀਤ ਸਿੰਘ ਢੱਡਰੀਆਂ ਵਾਲੇ ਦੀ ਗੱਡੀ ਘੇਰਨ ਦੀ ਕੋਸ਼ਿਸ਼



ਭਾਦਸੋਂ, 22 ਅਕਤੂਬਰ (ਪੋਸਟ ਬਿਊਰੋ)- ਚਰਚਾ ਵਿੱਚ ਰਹਿਣ ਵਾਲੇ ਸਿੱਖ ਧਰਮ ਪ੍ਰਚਾਰਕ ਰਣਜੀਤ ਸਿੰਘ ਖਾਲਸਾ ਢੱਡਰੀਆਂ ਵਾਲੇ ਅੱਜ ਕੱਲ੍ਹ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ 'ਚ ਸਮਾਗਮ ਕਰ ਰਹੇ ਹਨ। ਬੀਤੇ ਦਿਨੀਂ ਅਮਰੀਕਾ ਦੇ ਸ਼ਹਿਰ ਸੈਕਰਾਮੈਂਟੋ ਵਿੱਚ ਸਥਿਤੀ ਓਦੋਂ ਤਣਾਅ ਪੂਰਨ ਹੋ ਗਈ, ਜਦੋਂ ਰਣਜੀਤ ਸਿੰਘ ਢੱਡਰੀਆਂ ਵਾਲੇ ਆਪਣੇ ਦੀਵਾਨ ਦੀ ਸਮਾਪਤੀ ਉਪਰੰਤ ਆਪਣੀਆਂ ਗੱਡੀਆਂ ਦੇ ਕਾਫਲੇ ਨਾਲ ਨਿਕਲ ਰਹੇ ਸਨ ਤਾਂ ਕੁਝ ਲੋਕਾਂ ਨੇ ਉਨ੍ਹਾਂ ਦੀ ਗੱਡੀ ਘੇਰਨ ਅਤੇ ਗੱਡੀ ਦੇ ਥੱਲੇ ਆਉਣ ਦੀ ਕੋਸ਼ਿਸ਼ ਕੀਤੀ ਤੇ ਜਥੇ ਸਮੇਤ ਉਨ੍ਹਾਂ ਨੂੰ ਬਹੁਤਾ ਬੁਰਾ ਭਲਾ ਕਿਹਾ। ਮਿਲੀ ਜਾਣਕਾਰੀ ਅਨੁਸਾਰ ਸੰਤ ਢੱਡਰੀਆਂ ਵਾਲਿਆਂ ਤੇ ਦਮਦਮੀ ਟਕਸਾਲ ਦੇ ਬੰਦਿਆਂ ਵਿਚਕਾਰ ਸਿੱਖ ਧਰਮ ਦੇ ਪ੍ਰਚਾਰ ਬਾਰੇ ਵਿਚਾਰਾਂ ਦਾ ਮਤਭੇਦ ਚੱਲਦਾ ਹੈ, ਜਿਸ ਕਾਰਨ ਕੁਝ ਦਿਨ ਪਹਿਲਾਂ ਵੀ ਜਦੋਂ ਸੰਤ ਢੱਡਰੀਆਂ ਵਾਲੇ ਅਮਰੀਕਾ ਵਿਖੇ ਪਹੁੰਚੇ ਤਾਂ ਕੁਝ ਵਿਅਕਤੀਆਂ ਨੇ ਉਨ੍ਹਾਂ ਦਾ ਵਿਰੋਧ ਕੀਤਾ ਸੀ ਕਿ ਉਹ ਅਮਰੀਕਾ ਵਿੱਚ ਰਣਜੀਤ ਸਿੰਘ ਢੱਡਰੀਆਂ ਦਾ ਸਮਾਗਮ ਨਹੀਂ ਹੋਣ ਦੇਣਗੇ। ਗੁਰਦੁਆਰਾ ਦਸਮੇਸ਼ ਦਰਬਾਰ ਸ਼ਹਿਰ ਸੈਕਰਾਮੈਂਟੋ ਵਿੱਚ ਵਿਖਾਵੇ ਮੌਕੇ ਉਥੇ ਤਾਇਨਾਤ ਪੁਲਸ ਨੇ ਆ ਕੇ ਵਿਖਾਵਾਕਾਰੀਆਂ ਨੂੰ ਪਰੇ ਹਟਾ ਕੇ ਢੱਡਰੀਆਂ ਵਾਲਿਆਂ ਦੀਆਂ ਗੱਡੀਆਂ ਦਾ ਕਾਫਲਾ ਤੋਰਿਆ ਤੇ ਟਕਰਾਅ ਹੋਣੋਂ ਬਚਾਇਆ। ਰਣਜੀਤ ਸਿੰਘ ਢੱਡਰੀਆਂ ਤੇ ਸਿੱਖ ਸੰਗਤ ਨੇ ਇਸ ਘਟਨਾਕ੍ਰਮ ਦੀ ਸਖਤ ਨਿਖੇਧੀ ਕੀਤੀ ਹੈ।

## ਪਰਾਲੀ ਨੂੰ ਅੱਗ ਲਾਉਣ ਦੇ ਮਾਮਲੇ ਬੀਤੇ ਸਾਲਾਂ ਨਾਲੋਂ ਕਾਫੀ ਘਟੇ



ਪਟਿਆਲਾ, 22 ਅਕਤੂਬਰ (ਪੋਸਟ ਬਿਊਰੋ)- ਖੇਤਾਂ ਵਿੱਚ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਨੂੰ ਕੁਝ ਹੱਦ ਤੱਕ ਠੱਲ੍ਹ ਪੈਣੀ ਸ਼ੁਰੂ ਹੋ ਗਈ ਹੈ ਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਇਸ ਨੂੰ ਚੰਗੀ ਗੱਲ ਮੰਨਦਾ ਹੈ। ਪਰਾਲੀ ਨੂੰ ਅੱਗ ਲਾਉਣ ਦੇ ਮਾਮਲੇ ਮੁੱਢਲੇ ਤੌਰ ਉੱਤੇ 72 ਫੀਸਦੀ ਘੱਟ ਦਰਜ ਕੀਤੇ ਗਏ ਹਨ।

ਪੰਜਾਬ ਰਿਮੋਟ ਸੈਂਸਿੰਗ ਸੈਂਟਰ ਲੁਧਿਆਣਾ, ਜੋ ਪੰਜਾਬ ਵਿੱਚ ਪਰਾਲੀ ਨੂੰ ਅੱਗ ਲਾਉਣ ਦੀਆਂ ਘਟਨਾਵਾਂ ਦੀ ਉਪ ਗ੍ਰਹਿ ਰਾਹੀਂ ਜਾਣਕਾਰੀ ਦੇ ਰਿਹਾ ਹੈ, ਦੇ ਅੰਕੜਿਆਂ ਅਨੁਸਾਰ 2017 ਵਿੱਚ 11 ਅਕਤੂਬਰ ਤੋਂ 20 ਅਕਤੂਬਰ ਤੱਕ ਅੱਗ ਲਾਉਣ ਦੇ 5787 ਮਾਮਲੇ ਦਰਜ ਹੋਏ ਸਨ ਤੇ ਇਸ ਵਾਰ ਮੁਕਾਬਲਤਨ 1584 ਦਰਜ ਹੋਏ ਹਨ। ਇਹ ਰੁਝਾਨ ਪਿਛਲੇ ਸਾਲ ਦੇ ਮੁਕਾਬਲੇ 72 ਫੀਸਦੀ ਘੱਟ ਹਨ। ਬੋਰਡ ਦੇ ਮੈਂਬਰ ਸਕੱਤਰ ਕਰੁਨੇਸ਼ ਗਰਗ ਨੇ ਦੱਸਿਆ ਕਿ ਬੋਰਡ ਬੀਤੇ ਕਈ ਸਾਲਾਂ ਤੋਂ ਪੰਜਾਬ ਰਿਮੋਟ ਸੈਂਸਿੰਗ ਸੈਂਟਰ ਲੁਧਿਆਣਾ ਤੋਂ ਹਾੜ੍ਹੀ ਅਤੇ ਸਾਉਣੀ ਦੀ ਵਾਢੀ ਮਗਰੋਂ ਖੇਤਾਂ ਵਿੱਚ ਲਾਈ ਜਾਂਦੀ ਅੱਗ ਦਾ ਸਰਵੇਖਣ ਕਰਾਉਂਦਾ ਆ ਰਿਹਾ ਹੈ। ਮਾਝੇ ਦੇ ਜ਼ਿਆਦਾ ਖੇਤਰਾਂ ਵਿੱਚ ਵਾਢੀ ਹੋ ਗਈ ਤੇ ਮਾਲਵੇ ਵਿੱਚ ਇਸ ਦੀ ਸ਼ੁਰੂਆਤ ਹੈ। ਮੁੱਢਲੇ ਰੁਝਾਨਾਂ ਦੌਰਾਨ ਅੱਗ ਦੀਆਂ ਘਟਨਾਵਾਂ ਦੇ ਕੇਸ ਘੱਟ ਨਜ਼ਰ ਆ ਰਹੇ ਹਨ, ਹਾਲਾਂਕਿ ਇਸ ਦਾ ਇਕ ਕਾਰਨ ਪਿਛਲੇ ਦਿਨੀਂ ਮੀਂਹ ਪੈਣ ਕਾਰਨ ਝੋਨੇ ਦੀ ਵਾਢੀ ਲੇਟ ਸ਼ੁਰੂ ਹੋਣਾ ਵੀ ਹੈ। ਪ੍ਰਦੂਸ਼ਣ ਕੰਟਰੋਲ ਬੋਰਡ ਦੇ ਚੇਅਰਮੈਨ ਪ੍ਰੋ. ਐਸ ਐਸ ਮਰਵਾਹਾ ਨੇ ਪੁਸ਼ਟੀ ਕੀਤੀ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ 11 ਅਕਤੂਬਰ ਤੋਂ 20 ਅਕਤੂਬਰ ਤੱਕ ਅੱਗ ਦੀਆਂ ਘਟਨਾਵਾਂ ਵਿੱਚ 72 ਫੀਸਦੀ ਤੱਕ ਘਾਟਾ ਪੰਜਾਬ ਦੇ ਕਿਸਾਨਾਂ ਦੀ ਪ੍ਰਾਪਤੀ ਹੈ, ਜਿਨ੍ਹਾਂ ਨੇ ਪਰਾਲੀ ਦੇ ਗੁਣ ਪਛਾਣ ਕੇ ਇਸ ਨੂੰ ਵੱਖ-ਵੱਖ ਤਰੀਕਿਆਂ ਨਾਲ ਵਰਤ ਕੇ ਖੇਤਾਂ ਦੀ ਮਿੱਟੀ ਵਿੱਚ ਸੁਧਾਰ ਲਿਆਉਣ ਲਈ ਕਦਮ ਚੁੱਕੇ ਹਨ।

## ਚਰਿੱਤਰ ਉੱਤੇ ਸ਼ੱਕ ਹੋਣ ਕਾਰਨ ਪਤਨੀ ਦੀ ਹੱਤਿਆ, ਦੋਸ਼ੀ ਫਰਾਰ

ਅਬੋਹਰ, 22 ਅਕਤੂਬਰ (ਪੋਸਟ ਬਿਊਰੋ)- ਪੰਜ ਪੀਰ ਨਗਰ ਵਿੱਚ ਕਲੇਸ਼ ਅਤੇ ਚਰਿੱਤਰ 'ਤੇ ਸ਼ੱਕ ਦੇ ਕਾਰਨ ਪਤੀ ਨੇ ਰਾਡ ਮਾਰ ਕੇ ਪਤਨੀ ਦੀ ਹੱਤਿਆ ਕਰ ਦਿੱਤੀ। ਪੁਲਸ ਨੇ ਦੋਸ਼ੀ 'ਤੇ ਕੇਸ ਦਰਜ ਕਰ ਲਿਆ ਹੈ। ਅਮਨਦੀਪ ਕੌਰ (35) ਦੀ ਮਾਂ ਕੁਲਵੰਤ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਬੇਟੀ ਦਾ ਵਿਆਹ 13 ਸਾਲ ਪਹਿਲਾਂ ਮੰਦਰ ਸਿੰਘ ਨਾਲ ਕੀਤਾ ਸੀ। ਮੰਦਰ ਸਿੰਘ ਰਾਜ ਮਿਸਤਰੀ ਹੈ ਅਤੇ ਉਹ ਸ਼ਰਾਬ ਪੀ ਕੇ ਅਕਸਰ ਬੇਟੀ ਨੂੰ ਕੁੱਟਦਾ ਸੀ। ਸ਼ਰਾਬ ਪੀਣ ਦੇ ਕਾਰਨ 14 ਸਾਲ ਪਹਿਲਾਂ ਉਸ ਦੀ ਪਹਿਲੀ ਪਤਨੀ ਵੀ ਛੱਡ ਗਈ ਸੀ। ਅਮਨਦੀਪ ਕੌਰ ਨਾਲ ਵਿਆਹ ਦੇ ਬਾਅਦ ਮੰਦਰ ਸਿੰਘ ਦੇ ਦੋ ਲੜਕੇ ਤੇ ਇੱਕ ਬੇਟੀ ਹੋਈ। ਕੁਲਵੰਤ ਕੌਰ ਦੇ ਮੁਤਾਬਕ ਪਿਛਲੇ ਕੁਝ ਸਾਲਾਂ ਤੋਂ ਮੰਦਰ ਸਿੰਘ ਸ਼ਰਾਬ ਪੀ ਕੇ ਅਕਸਰ ਬੇਟੀ ਨੂੰ ਕੁੱਟਦਾ ਸੀ। ਝਗੜੇ ਕਾਰਨ ਦੋਵਾਂ ਧਿਰਾਂ ਵਿੱਚ ਕਈ ਵਾਰ ਪੰਚਾਇਤਾਂ ਵੀ ਹੋਈਆਂ, ਪਰ ਉਹ ਅਕਸਰ ਮੁਆਫੀ ਮੰਗ ਕੇ ਬੇਟੀ ਨੂੰ ਲੈ ਜਾਂਦਾ। ਸ਼ਨੀਵਾਰ ਸ਼ਾਮ ਵੀ ਉਸ ਨੇ ਅਮਨਦੀਪ ਕੌਰ ਨਾਲ ਝਗੜਾ ਕੀਤਾ ਅਤੇ ਰਾਡ ਮਾਰ ਦਿੱਤੀ। ਲੋਕਾਂ ਦੀ ਮਦਦ ਨਾਲ ਅਮਨਦੀਪ ਨੂੰ ਹਸਪਤਾਲ ਪਹੁੰਚਾਇਆ ਤਾਂ ਉਸ ਨੇ ਦਮ ਤੋੜ ਦਿੱਤਾ। ਕੁਲਵੰਤ ਕੌਰ ਦੇ ਮੁਤਾਬਕ ਅਮਨਦੀਪ ਬੱਚਿਆਂ ਨੂੰ ਮਿਹਨਤ-ਮਜ਼ਦੂਰੀ ਕਰ ਕੇ ਪਾਲ ਰਹੀ ਸੀ। ਘਟਨਾ ਦੇ ਦਿਨ ਵੀ ਉਹ ਖੇਤ ਵਿੱਚ ਨਰਮਾ ਚੁਗਣ ਗਈ ਸੀ।

# ਪਰਿਵਾਰ ਬੰਦੀ ਬਣਾ ਕੇ 14 ਲੱਖ ਨਕਦੀ ਅਤੇ 60 ਤੋਲੇ ਸੋਨਾ ਲੈ ਗਏ



ਪੁਲਸ ਟੀਮ ਨੂੰ ਘਟਨਾ ਦੀ ਜਾਣਕਾਰੀ ਦਿੰਦਾ ਹੋਇਆ ਪੀੜਤ।

ਜਗਰਾਓਂ, 22 ਅਕਤੂਬਰ (ਪੋਸਟ ਬਿਊਰੋ)- ਇਸ ਕਸਬੇ ਵਿੱਚ ਲੁਟੇਰੇ ਬੇਖੌਫ ਹੋ ਕੇ ਨਿੱਤ ਦਿਨ ਲੁੱਟ ਦੀਆਂ ਵਾਰਦਾਤਾਂ ਕਰ ਦੇ ਰਹੇ ਹਨ, ਜਿਸ ਕਾਰਨ ਆਮ ਲੋਕ ਪੁਲਸ ਦੀ ਨੁਕਤਾਚੀਨੀ ਕਰ ਰਹੇ ਹਨ। ਕੱਲ੍ਹ ਰਾਤ ਫਿਰ ਸਥਾਨਕ ਹੀਰਾ ਬਾਗ ਵਿਖੇ ਕੋਲਡ ਸਟੋਰ ਦੇ ਮਾਲਕ ਦੀ ਰਿਹਾਇਸ਼ 'ਤੇ ਪੰਜ ਅਣਪਛਾਤੇ ਲੁਟੇਰਿਆਂ ਨੇ ਘਰ ਵਿੱਚ ਦਾਖਲ ਹੋ ਕੇ 14 ਲੱਖ ਦੀ ਨਕਦੀ, 60 ਤੋਲੇ ਸੋਨਾ ਤੇ ਦੋ ਐਕਟਿਵਾ ਲੁੱਟ ਲਏ। ਘਟਨਾ ਸਥਾਨ ਮੌਕੇ ਐੱਸ ਐੱਚ ਓ ਰਣਧੀਰ ਸਿੰਘ, ਸੀ ਆਈ ਏ ਸਟਾਫ ਦੇ ਇੰਚਾਰਜ ਲਖਵੀਰ ਸਿੰਘ ਹੋਰ ਜਾਂਚ ਕਰਨ ਪਹੁੰ-ਚੇ।

ਨਛੱਤਰ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਹੀਰਾ ਬਾਗ ਨੇ ਦੱਸਿਆ ਕਿ ਰਾਤ ਕਰੀਬ 9-10 ਵਜੇ ਅਸੀਂ ਘਰ 'ਚ ਬੈਠੇ ਸੀ ਤਾਂ ਅਚਾਨਕ ਚਾਰ-ਪੰਜ ਅਣਪਛਾਤੇ ਲੁਟੇਰਿਆਂ ਨੇ ਅੰਦਰ ਦਾਖਲ ਹੋ ਕੇ ਬੱਚਿਆਂ ਨੂੰ ਬੰਦੀ ਬਣਾ ਲਿਆ। ਇਨ੍ਹਾਂ ਲੁਟੇਰਿਆਂ ਦੇ ਮੂੰਹ ਢੱਕੇ ਹੋਏ ਸਨ ਤੇ ਮਾਰੂ ਹਥਿਆਰਾਂ ਨਾਲ ਲੈੱਸ ਸਨ। ਉਨ੍ਹਾਂ ਨੇ ਮੇਰੀ ਅਤੇ ਮੇਰੇ ਬੇਟੇ ਦੀ ਕੁੱਟਮਾਰ ਵੀ ਕੀਤੀ ਤੇ ਘਰ ਵਿੱਚ ਪਏ 14 ਲੱਖ ਰੁਪਏ, 60 ਤੋਲੇ ਸੋਨਾ ਅਤੇ ਦੋ ਐਕਟਿਵਾ ਸਕੂਟਰੀ ਲੁੱਟ ਕੇ ਲੈ ਗਏ। ਨਛੱਤਰ ਸਿੰਘ ਨੇ ਦੱਸਿਆ ਕਿ ਲੁਟੇਰਿਆਂ ਨੇ ਵਿਰੋਧ ਕਰਨ ਉੱਤੇ ਉਨ੍ਹਾਂ ਬੱਚਿਆਂ ਨੰ ਮਾਰਨ ਦੀਆਂ ਧਮਕੀਆਂ ਵੀ ਦਿੱਤੀਆਂ। ਐੱਸ ਐੱਚ ਓ ਰਣਧੀਰ ਸਿੰਘ ਨੇ ਦੱਸਿਆ ਕਿ ਅਣਪਛਾਤੇ ਲੁਟੇਰਿਆਂ ਵਿਰੁੱਧ ਥਾਣਾ ਸਿਟੀ ਵਿੱਚ ਵੱਖ-ਵੱਖ ਧਾਰਾਵਾਂ ਦਾ ਕੇਸ ਦਰਜ ਕੀਤਾ ਹੈ। ਲੁਟੇਰਿਆਂ ਵੱਲੋਂ ਲੈ ਕੇ ਗਏ ਐਕਟਿਵਾ ਵਿੱਚੋਂ ਇੱਕ ਐਕਟਿਵਾ ਮੁੱਲਾਂਪੁਰ ਦਾਖਾ ਤੋਂ ਮਿਲ ਗਈ ਹੈ।

## ਦਰਜੀ ਦੇ ਖਾਤੇ ਵਿੱਚੋਂ ਕਿਸੇ ਨੇ 20 ਹਜ਼ਾਰ ਦੀ ਨਕਦੀ ਕਢਵਾਈ, ਬੈਂਕ ਮੋੜੇਗਾ



ਲੁਧਿਆਣਾ, 22 ਅਕਤੂਬਰ (ਪੋਸਟ ਬਿਊਰੋ)- ਕਰੀਬ ਨੌਂ ਮਹੀਨੇ ਪਹਿਲਾਂ ਇੱਕ ਦਰਜੀ ਦੇ ਮੋਬਾਈਲ ਫੋਨ ਉਤੇ ਮੈਸੇਜ ਆਇਆ ਕਿ ਉਸ ਦੇ ਖਾਤੇ ਵਿੱਚੋਂ 20 ਹਜ਼ਾਰ ਦੀ ਨਕਦੀ ਕਢਵਾਈ ਗਈ ਹੈ।

ਬੈਂਕ ਖਾਤੇ ਵਿੱਚੋਂ ਨਕਦੀ ਕੱਢਣ ਦੇ ਮੈਸੇਜ ਦੇਖ ਮਜ਼ਦੂਰੀ ਕਰਨ ਵਾਲੇ ਜੋਧੇਵਾਲ ਦੇ ਦਰਜੀ ਮੁਸ਼ਤਾਕ ਦੇ ਹੱਥ-ਪੈਰ ਫੁੱਲ ਗਏ। ਉਹ ਤੁਰੰਤ ਬੈਂਕ ਪੁੱਜਾ। ਉਸ ਨੂੰ ਪਤਾ ਲੱਗਾ ਕਿ ਕੈਂਸਰ ਹਸਪਤਾਲ ਵਿਚਲੇ ਇੱਕ ਏ ਟੀ ਐਮ ਤੋਂ ਨਕਦੀ ਕਢਵਾਈ ਗਈ ਹੈ, ਪਰ ਏ ਟੀ ਐੱਮ ਕਾਰਡ ਉਸ ਦੇ ਆਪਣੇ ਕੋਲ ਸੀ। ਮੁਸ਼ਤਾਕ ਦਾ ਕਹਿਣਾ ਹੈ ਕਿ ਜਦ ਕਈ ਚੱਕਰ ਮਾਰਨ ਤੋਂ ਬਾਅਦ ਵੀ ਪੁਲਸ ਨੇ ਉਸ ਦੀ ਕੋਈ ਗੱਲ ਨਾ ਸੁਣੀ ਤਾਂ ਉਸ ਨੇ ਰਿਜ਼ਰਵ ਬੈਂਕ ਆਫ ਇੰਡੀਆ (ਆਰ ਬੀ ਆਈ) ਨੂੰ ਇਸ ਦੀ ਸ਼ਿਕਾਇਤ ਭੇਜੀ। ਉਸ ਨੂੰ ਤਿੰਨ ਮਹੀਨੇ ਪਹਿਲਾਂ ਆਰ ਬੀ ਆਈ ਦਾ ਜਵਾਬ ਆਇਆ ਸੀ ਕਿ ਥਾਣੇ ਵਿੱਚ ਐੱਫ ਆਈ ਆਰ ਦਰਜ ਹੋਣ ਮਗਰੋਂ ਉਸ ਦੇ ਖਾਤੇ ਵਿੱਚ ਨਕਦੀ ਜਮ੍ਹਾ ਕਰਵਾ ਦਿੱਤੀ ਜਾਵੇਗੀ। ਇਸ ਤੋਂ ਬਾਅਦ ਉਸ ਨੇ ਫਿਰ ਸਾਈਬਰ ਸੈੱਲ ਦੇ ਕਈ ਚੱਕਰ ਲਾਏ ਤੇ ਕਰੀਬ ਨੌਂ ਮਹੀਨਿਆਂ ਬਾਅਦ ਥਾਣਾ ਦਰੇਸੀ 'ਚ ਅਣਪਛਾਤੇ ਠੱਗਾਂ ਦੇ ਖਿਲਾਫ ਧੋਖਾਦੇਹੀ ਦੇ ਦੋਸ਼ ਵਿੱਚ ਕੇਸ ਦਰਜ ਹੋਇਆ, ਪਰ ਇਸ ਗੱਲ ਦਾ ਪਤਾ ਨਹੀਂ ਲੱਗ ਸਕਿਆ ਕਿ ਮੁਸ਼ਤਾਕ ਦੇ ਖਾਤੇ 'ਚੋਂ ਪੈਸੇ ਕਿਵੇਂ ਗਾਇਬ ਹੋਏ। ਜਾਂਚ ਅਧਿਕਾਰੀ ਅਮਰੀਕ ਸਿੰਘ ਨੇ ਦੱਸਿਆ ਕਿ ਇਸ ਕੇਸ ਬਾਰੇ ਉਨ੍ਹਾਂ ਨੂੰ ਕੋਈ ਜਾਣਕਾਰੀ ਨਹੀਂ, ਸਾਈਬਰ ਸੈਲ ਇਸ ਦੀ ਜਾਂਚ ਕਰ ਰਿਹਾ ਹੈ। ਥਾਣਾ ਦਰੇਸੀ ਵਿੱਚ ਕੇਸ ਦਰਜ ਹੋ ਗਿਆ ਹੈ।

## ਟਰੱਕ ਮੋਟਰ ਸਾਈਕਲ ਦੀ ਟੱਕਰ ਕਾਰਨ ਮਾਂ ਧੀ ਦੀ ਮੌਤ




ਭਵਾਨੀਗੜ੍ਹ, 22 ਅਕਤੂਬਰ (ਪੋਸਟ ਬਿਊਰੋ)- ਨਾਭਾ ਨੂੰ ਜਾਂਦੀ ਸੜਕ ਉਤੇ ਟਰੱਕ ਤੇ ਮੋਟਰ ਸਾਈਕਲ ਦੀ ਟੱਕਰ ਵਿੱਚ ਮਾਂ ਅਤੇ ਧੀ ਦੀ ਮੌਕੇ 'ਤੇ ਮੌਤ ਹੋ ਗਈ, ਜਦੋਂ ਕਿ ਪਿਤਾ ਦੇ ਗੰਭੀਰ ਜ਼ਖਮੀ ਹੋ ਗਿਆ। ਇਸ ਸਬੰਧ ਵਿੱਚ ਸਬ ਇੰਸਪੈਕਟਰ ਅਵਤਾਰ ਸਿੰਘ ਨੇ ਦੱਸਿਆ ਕਿ ਨਾਭਾ ਨੇੜੇ ਪਿੰਡ ਬਾਗੜੀਆਂ ਦਾ ਹਰਬੰਸ ਸਿੰਘ ਆਪਣੀ ਪਤਨੀ ਗੁਰਮੇਲ ਕੌਰ ਤੇ ਪੁੱਤਰੀ ਗਗਨਦੀਪ ਕੌਰ ਉਮਰ 23 ਸਾਲ ਨੂੰ ਆਪਣੇ ਮੋਟਰ ਸਾਈਕਲ 'ਤੇ ਪਿੰਡ ਮਾਝੀ ਦੇ ਗੁਰਦੁਆਰਾ ਸਾਹਿਬ ਮੱਥਾ ਟਿਕਾਉਣ ਲਈ ਲਿਆ ਰਿਹਾ ਸੀ। ਜਦੋਂ ਉਹ ਪਿੰਡ ਮਾਝਾ ਨੇੜੇ ਪਹੁੰਚੇ ਤਾਂ ਪਿੱਛੋਂ ਆਏ ਇਕ ਟਰੱਕ ਨੇ ਇਨ੍ਹਾਂ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਕਾਰਨ ਗੁਰਮੇਲ ਕੌਰ ਅਤੇ ਗਗਨਦੀਪ ਕੌਰ ਦੀ ਮੌਕੇ 'ਤੇ ਮੌਤ ਹੋ ਗਈ। ਹਰਬੰਸ ਸਿੰਘ ਗੰਭੀਰ ਜ਼ਖਮੀ ਹੋ ਗਿਆ, ਜਿਸ ਨੂੰ ਨਾਭਾ ਦੇ ਹਸਪਤਾਲ ਲਿਆਂਦਾ ਗਿਆ ਤੇ ਡਾਕਟਰ ਨੇ ਉਸ ਨੂੰ ਗੰਭੀਰ ਹਾਲਤ ਨੂੰ ਦੇਖਦਿਆਂ ਪਟਿਆਲਾ ਰੈਫਰ ਕਰ ਦਿੱਤਾ ਹੈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਟਰੱਕ ਨੂੰ ਕਬਜ਼ੇ 'ਚ ਲੈ ਕੇ ਟਰੱਕ ਡਰਾਈਵਰ ਮੁਹੰਮਦ ਸਲੀਮ ਪੁੱਤਰ ਮੁਹੰਮਦ ਅਖਤਰ 'ਤੇ ਮਾਮਲਾ ਦਰਜ ਕਰ ਲਿਆ ਹੈ।

## ਰੇਲ ਹਾਦਸੇ ਵਿੱਚ ਇੱਕੋ ਘਰ ਦੇ ਨੌਂ ਜੀਆਂ ਵਿੱਚੋਂ ਤਿੰਨਾਂ ਦੀ ਮੌਤ, ਛੇ ਜ਼ਖਮੀ



ਅੰਮ੍ਰਿਤਸਰ, 22 ਅਕਤੂਬਰ (ਪੋਸਟ ਬਿਊਰੋ)- ਜੌੜਾ ਫਾਟਕ 'ਤੇ ਹੋਏ ਰੇਲ ਹਾਦਸੇ ਵਿੱਚ ਰੋਜ਼ ਐਵੇਨਿਊ ਦੇ ਕੋਲ ਰਹਿੰਦੇ ਇੱਕ ਪਰਵਾਰ ਦੇ ਨੌਂ ਮੈਂਬਰਾਂ 'ਚੋਂ ਛੇ ਗੰਭੀਰ ਜ਼ਖਮੀ ਹੋ ਗਏ ਤੇ ਤਿੰਨ ਦੀ ਮੌਤ ਹੋ ਗਈ।

ਹਾਦਸੇ ਵਿੱਚ ਮਾਰੇ ਜਾ ਚੁੱਕੇ ਦਿਨੇਸ਼ ਦੇ ਭਰਾ ਨੇ ਸ਼ਿਵਪੁਰੀ 'ਚ ਆਪਣੇ ਭਰਾ, ਭਤੀਜੇ ਤੇ ਭਰਾ ਦੇ ਸਾਂਢੂ ਦੀ ਮ੍ਰਿਤਕ ਦੇਹ ਨੂੰ ਅਗਨੀ ਭੇਟ ਕਰਨ ਪਿੱਛੋਂ ਦੱਸਿਆ ਕਿ ਮੇਰਾ ਵੱਡਾ ਭਰਾ ਪਿਤਾ ਦੇ ਸਮਾਨ ਸੀ ਤੇ ਸਾਡਾ ਸਾਰਾ ਪਰਵਾਰ ਉਸ ਉਤੇ ਹੀ ਨਿਰਭਰ ਸੀ। ਸਾਡੇ ਪਰਵਾਰ ਦੇ ਛੇ ਮੈਂਬਰ ਗੰਭੀਰ ਜ਼ਖਮੀ ਹੋਏ ਸਨ, ਜਿਨ੍ਹਾਂ ਵਿੱਚ ਮੇਰਾ ਵੱਡਾ ਭਰਾ ਦਿਨੇਸ਼ ਮਾਰਿਆ ਗਿਆ ਹੈ, ਜਿਸ ਦੇ ਦੋ ਪੁੱਤਰ 10 ਸਾਲ ਦਾ ਅਭਿਸ਼ੇਕ ਤੇ ਦੋ ਸਾਲ ਦਾ ਆਰੂਸ਼ ਹਨ। ਮੇਰਾ 10 ਸਾਲ ਦਾ ਭਤੀਜਾ ਅਭਿਸ਼ੇਕ ਤੇ ਮੇਰੇ ਭਰਾ ਦਾ ਸਾਂਢੂ ਬੁੱਧ ਰਾਮ ਬੁਦਈ ਵੀ ਇਸ ਹਾਦਸੇ ਵਿੱਚ ਮਾਰੇ ਗਏ ਹਨ। ਉਸ ਨੇ ਕਿਹਾ ਕਿ ਮੇਰੀ ਭਰਜਾਈ ਪ੍ਰੀਤੀ ਨੂੰ ਇਹ ਪਤਾ ਹੀ ਨਹੀਂ ਕਿ ਉਸ ਦੇ ਸਿਰ ਦਾ ਸਾਈਂ ਦਿਨੇਸ਼ ਤੇ ਪੁੱਤਰ ਅਭਿਸ਼ੇਕ ਇਸ ਦੁਨੀਆ ਵਿੱਚ ਨਹੀਂ ਰਹੇ। ਉਸ ਨੇ ਕਿਹਾ ਕਿ ਬਾਕੀ ਜ਼ਖਮੀਆਂ ਦਾ ਅਮਨਦੀਪ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ।

Condo Townhouse for sale.
$559,000
100 Brickyard Way Unit #66, Brampton
ਸਾਫ ਸੁਥਰਾ 3 ਬੈਡਰੂਮ ਅਤੇ 3 ਵਾਸ਼ਰੂਮ ਦਾ ਟਾਊਨ ਹਾਊਸ
A Fantastic 2 Story Town House On A Peaceful Ravine Lot, All Brick, Double Door, 3 Bedrooms, 3 Washrooms. Shining Pot Lights, Kitchen With Granite C-Tops And Backsplash, Very Low Monthly Maintenance Fee For Snow & Garbage Removal, Located In a High Demand Area, Next To Walmart, Schools, Bus Stops, Grocery, Gas Station & All Amenities
KAMAL SANDHU
Sales Representative
647.891.0143
905.488.2100 ext. 407
www.arearealtor.com
realtorkamalsandhu@gmail.com
Century 21 President Realty Inc. Brokerage*
Looking For a Nest..? Call the Best

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
1ST MORTGAGE Starting from 2.59 % OAC
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
■ 1st & 2nd Mortgages
■ Refinancing & Renewal
■ Line of Credit
■ Debt Consolidation
■ Self Employed
■ Truck Loan
■ Equipment Leasing
■ Bad Credit
5 CHERRYCREST DR. #206 BRAMPTON L6P 3W4

Avro Transport Inc.
Owner Operator/Single Drives & Team Drivers ਦੀ ਲੋੜ ਹੈ
Toronto to Montreal, Midwest & USA
Brand New Truck's Available
For Owner Operator:- $1.55
*Plates + Insurance + Tolls will be paid by Company
For Drivers:- $0.58 + $0.02
*Safety Bonus
For Team Drivers:- $0.70
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-
Ph: 416-896-1313



# ਰੁਪਏ ਦਾ ਡਿੱਗਣਾ ਅਤੇ ਮਾੜੇ ਕਰਜ਼ੇ ਚਿੰਤਾ ਦਾ ਵਿਸ਼ਾ ਹਨ : ਜਾਲਾਨ

ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਬਿਮਲ ਜਾਲਾਨ ਨੇ ਦੇਸ਼ ਦੀ ਨਰਿੰਦਰ ਮੋਦੀ ਸਰਕਾਰ ਦੀ ਅੱਜ ਤੱਕ ਦੀ ਕਾਰਗੁਜ਼ਾਰੀ ਨੂੰ ਮਿਲਿਆ ਜੁਲਿਆ ਦੱਸਦਿਆਂ ਕੱਲ੍ਹ ਕਿਹਾ ਕਿ ਰੁਪਏ ਦਾ ਡਿੱਗਣਾ ਅਤੇ ਡੁੱਬੇ ਕਰਜ਼ਿਆਂ ਦਾ ਵਧਣਾ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ।

ਗੈਰ ਆਰਥਿਕ ਫਰੰਟ ਉੱਤੇ ਬਿਮਲ ਜਾਲਾਨ ਨੇ ਕਿਹਾ ਕਿ ਦੇਸ਼ ਹਾਲੇ ਵੀ ਖਰਾਬ ਪ੍ਰਸ਼ਾਸਨਿਕ ਵਿਵਸਥਾ, ਵੱਖ-ਵੱਖ ਮੁੱਦਿਆਂ 'ਤੇ ਰਾਜਾਂ ਵਿੱਚ ਪ੍ਰਦਰਸ਼ਨ ਅਤੇ ਗੈਰ ਧਰਮ ਨਿਰਪੇਖ ਐਲਾਨਾਂ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ। ਆਰਥਿਕ ਫਰੰਟ 'ਤੇ ਕੀਤੀਆਂ ਕੋਸ਼ਿਸ਼ਾਂ ਬਾਰੇ ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਜੀ ਐਸ ਟੀ, ਦੀਵਾਲਾ ਅਤੇ ਲਾਭ ਸਿੱਧਾ ਖਾਤਿਆਂ ਵਿੱਚ ਪਹੁੰਚਾਉਣ ਦੀ ਸਕੀਮ ਆਦਿ ਕਈ ਸੁਧਾਰ ਕੀਤੇ ਗਏ ਹਨ, ਜੋ ਅਰਥਚਾਰੇ ਲਈ ਚੰਗੇ ਹਨ। ਜਾਲਾਨ ਨੇ ਕਿਹਾ, 'ਇਸ ਗੱਲ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੀ ਆਰਥਿਕ ਵਿਕਾਸ ਦਰ ਸਭ ਤੋਂ ਤੇਜ਼ ਉਭਰਦੇ ਬਾਜ਼ਾਰਾਂ ਵਿੱਚੋਂ ਇਕ ਹੈ ਤੇ ਮਹਿੰਗਾਈ ਘਟੀ ਹੈ।'

ਵਰਨਣ ਯੋਗ ਹੈ ਕਿ ਬਿਮਲ ਜਾਲਾਨ 2003 ਤੋ 2009 ਤੱਕ ਰਾਜ ਸਭਾ ਮੈਂਬਰ ਰਹਿ ਚੁੱਕੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਘੱਟ ਸਮਰਥਨ ਮੁੱਲ ਦੇ ਵਿਸ਼ੇ ਵਿੱਚ ਚੌਕਸੀ ਵਰਤਣੀ ਚਾਹੀਦੀ ਹੈ, ਕਿਉਂਕਿ ਇਹ ਪੇਂਡੂ ਅਤੇ ਨੀਮ ਸ਼ਹਿਰੀ ਖੇਤਰਾਂ ਵਿੱਚ ਗਰੀਬ ਲੋਕਾਂ ਲਈ ਅਨਾਜ ਦੀ ਖਪਤ ਨੂੰ ਪ੍ਰਭਾਵਤ ਕਰਦਾ ਹੈ। ਉਨ੍ਹਾਂ ਨੇ ਰੁਪਏ ਦੇ ਲਗਾਤਾਰ ਡਿੱਗਣ ਸਬੰਧੀ ਕਿਹਾ ਕਿ ਮੈਂ ਇਹ ਨਹੀਂ ਕਹਾਂਗਾ ਕਿ ਰੁਪਏ ਦਾ ਲਗਾਤਾਰ ਡਿੱਗਣਾ ਚਿੰਤਾ ਦਾ ਕਾਰਨ ਹੈ, ਅਸਲ ਵਿੱਚ ਸਾਡੇ ਕੋਲ ਲੋੜੀਂਦੇ ਵਸੀਲੇ ਹਨ, ਪਰ ਬੀਤੇ ਕੁਝ ਮਹੀਨਿਆਂ ਤੋਂ ਰੁਪਏ ਦਾ ਡਿੱਗਣਾ ਸਾਡੇ ਲਈ ਚਿੰਤਾ ਦਾ ਵਿਸ਼ਾ ਬਣਿਆ ਪਿਆ ਹੈ। ਉਨ੍ਹਾਂ ਸੰਕੇਤ ਦਿੱਤਾ ਕਿ ਸਰਕਾਰ ਨੇ ਰੁਪਏ ਨੂੰ ਡਿੱਗਣੋਂ ਰੋਕਣ ਲਈ ਕੁਝ ਕਦਮ ਚੁੱਕੇ ਹਨ।

# ਵਿਧਾਨ ਪਰੀਸ਼ਦ ਚੇਅਰਮੈਨ ਦਾ ਪੁੱਤਰ ਆਪਣੇ ਮਾਂ ਦੇ ਹੱਥੋਂ ਕਤਲ

ਲਖਨਊ, 22 ਅਕਤੂਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੀ ਵਿਧਾਨ ਪਰੀਸ਼ਦ ਦੇ ਚੇਅਰਮੈਨ ਰਮੇਸ਼ ਯਾਦਵ ਦੇ ਬੇਟੇ ਅਭਿਜੀਤ ਯਾਦਵ ਦੇ ਕਤਲ ਦੇ ਭੇਦ ਤੋਂ ਪਰਦਾ ਉਠ ਗਿਆ ਹੈ। ਪੁਲਸ ਮੁਤਾਬਕ ਅਭਿਜੀਤ ਦਾ ਕਤਲ ਉਸ ਦੀ ਮਾਂ ਮੀਰਾ ਯਾਦਵ ਨੇ ਕੀਤਾ ਸੀ। ਪੁਲਸ ਨੇ ਮੀਰਾ ਨੂੰ ਗ੍ਰਿਫਤਾਰ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਮੀਰਾ ਨੇ ਆਪਣਾ ਜੁਰਮ ਕਬੂਲ ਕਰ ਲਿਆ ਤੇ ਦੱਸਿਆ ਕਿ ਅਭਿਜੀਤ ਸ਼ਰਾਬ ਪੀ ਕੇ ਘਰ ਵਿੱਚ ਰੋਜ਼ ਕਲੇਸ਼ ਕਰਦਾ ਸੀ। ਉਸ ਨੇ ਦੱਸਿਆ ਕਿ ਕਤਲ ਦੀ ਰਾਤ ਵੀ ਉਹ ਘਰ ਵਿਚ ਸ਼ਰਾਬ ਪੀ ਕੇ ਆਇਆ ਸੀ ਅਤੇ ਹੰਗਾਮਾ ਕਰ ਰਿਹਾ ਸੀ। ਰੋਜ਼ ਦੇ ਕਲੇਸ਼ ਤੋਂ ਤੰਗ ਆ ਕੇ ਉਸ ਨੇ ਗਲਾ ਘੁੱਟ ਕੇ ਅਭਿਜੀਤ ਨੂੰ ਮਾਰ ਦਿੱਤਾ। ਦੱਸਣ ਯੋਗ ਹੈ ਕਿ ਮੀਰਾ ਵਿਧਾਨ ਪਰੀਸ਼ਦ ਦੇ ਚੇਅਰਮੈਨ ਰਮੇਸ਼ ਯਾਦਵ ਦੀ ਦੂਜੀ ਪਤਨੀ ਹੈ। ਮੀਰਾ ਤੇ ਰਮੇਸ਼ ਦੇ ਦੋ ਬੇਟੇ ਹਨ, ਅਭਿਜੀਤ ਤੇ ਅਭਿਸ਼ੇਕ। ਰਮੇਸ਼ ਯਾਦਵ ਦੇ ਬੇਟੇ ਅਭਿਜੀਤ ਦੀ ਲਾਸ਼ ਸ਼ੱਕੀ ਹਲਾਤਾਂ ਵਿਚ ਐਤਵਾਰ ਨੂੰ ਹਜ਼ਰਤਗੰਜ ਵਿੱਚ ਉਨ੍ਹਾਂ ਦੇ ਘਰ ਵਿੱਚ ਮਿਲੀ ਸੀ। ਪਰਿਵਾਰ ਨੇ ਪੁਲਸ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਸੀ।



ਅਭਿਜੀਤ ਯਾਦਵ ਦੀ ਫਾਇਲ ਫੋਟੋ।

ਇਸ ਸੰਬੰਧ ਵਿੱਚ ਪਰਿਵਾਰ ਨੇ ਦੱਸਿਆ ਸੀ ਕਿ ਸ਼ਨੀਵਾਰ ਦੇਰ ਰਾਤ ਘਰ ਆਉਣ ਉੱਤੇ ਉਸ ਨੇ ਮਾਂ ਕੋਲ ਸੀਨੇ ਵਿਚ ਦਰਦ ਹੋਣ ਦੀ ਗੱਲ ਕਹੀ ਸੀ। ਸਵੇਰੇ ਪਰਿਵਾਰ ਨੂੰ ਅਭਿਜੀਤ ਮ੍ਰਿਤਕ ਹਾਲਤ ਵਿਚ ਮਿਲਿਆ। ਪਰਿਵਾਰ ਵਾਲਿਆਂ ਨੇ ਐਤਵਾਰ ਸਵੇਰ ਨੂੰ ਕੁਦਰਤੀ ਮੌਤ ਦੱਸ ਕੇ ਅੰਤਿਮ ਸੰਸਕਾਰ ਦੀ ਤਿਆਰੀ ਸ਼ੁਰੂ ਕਰ ਦਿੱਤੀ। ਪੁਲਸ ਨੂੰ ਸ਼ੱਕ ਹੋਇਆ ਤਾਂ ਅੰਤਿਮ ਸੰਸਕਾਰ ਰੁਕਵਾ ਕੇ ਲਾਸ਼ ਦਾ ਪੋਸਟ ਮਾਰਟਮ ਕਰਾਇਆ ਸੀ। ਇਸ ਤੋਂ ਪਤਾ ਲੱਗਾ ਕਿ ਅਭਿਜੀਤ ਦਾ ਕਤਲ ਗਲਾ ਘੁੱਟ ਕੇ ਕੀਤਾ ਗਿਆ ਹੈ। ਇਸ ਪਿੱਛੋਂ ਪੁਲਸ ਨੇ ਅਭਿਜੀਤ ਦੀ ਮਾਂ ਤੋਂ ਸਖਤੀ ਨਾਲ ਪੁੱਛ-ਗਿੱਛ ਕੀਤੀ ਤਾਂ ਉਸ ਨੇ ਇਸ ਗੱਲ ਦਾ ਖੁਲਾਸਾ ਕਰ ਦਿੱਤਾ। ਅਭਿਜੀਤ ਦੀ ਮਾਂ ਨੇ ਕਿਹਾ ਕਿ ਉਹ ਅਕਸਰ ਦੇਰ ਰਾਤ ਨਸ਼ੇ ਵਿਚ ਘਰ ਆਉਂਦਾ ਤੇ ਸਾਰਿਆਂ ਨਾਲ ਲੜਦਾ ਸੀ। ਸ਼ਨੀਵਾਰ ਰਾਤ ਵੀ ਉਹ ਨਸ਼ੇ ਵਿਚ ਘਰ ਆਇਆ ਤੇ ਘਰ ਵਿੱਚ ਹੰਗਾਮਾ ਕਰ ਦਿੱਤਾ। ਮਾਂ ਦਾ ਦੋਸ਼ ਹੈ ਕਿ ਨਸ਼ੇ ਵਿਚ ਅਭਿਜੀਤ ਨੇ ਉਸ 'ਤੇ ਹਮਲਾ ਕੀਤਾ ਸੀ। ਆਪਣੇ ਬਚਾਅ 'ਚ ਉਸ ਨੇ ਅਭਿਜੀਤ ਨੂੰ ਧੱਕਾ ਦਿੱਤਾ ਤਾਂ ਉਹ ਹੇਠਾਂ ਡਿੱਗ ਗਿਆ। ਮਾਂ ਨੇ ਦੱਸਿਆ ਕਿ ਅਭਿਜੀਤ ਨੇ ਫਿਰ ਉਠ ਕੇ ਉਸ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਚੁੰਨੀ ਨਾਲ ਗਲਾ ਘੁੱਟ ਕੇ ਉਸ ਨੂੰ ਮਾਰ ਦਿੱਤਾ।

# ਜੈਸ਼ ਦੇ ਤਿੰਨ ਅੱਤਵਾਦੀ ਮਾਰੇ, ਮੁਕਾਬਲੇ ਵਾਲੀ ਥਾਂ ਧਮਾਕੇ ਨਾਲ ਸੱਤ ਹੋਰਨਾਂ ਦੀ ਮੌਤ

ਸ੍ਰੀਨਗਰ, 22 ਅਕਤੂਬਰ (ਪੋਸਟ ਬਿਊਰੋ)- ਜੰਮੂ-ਕਸ਼ਮੀਰ ਦੇ ਕੁਲ-ਗਾਮ ਜ਼ਿਲ੍ਹੇ ਵਿੱਚ ਕੱਲ੍ਹ ਸੁਰੱਖਿਆ ਫੋਰਸਾਂ ਨਾਲ ਹੋਏ ਮੁਕਾਬਲੇ ਦੌਰਾਨ ਤਿੰਨ ਅੱਤਵਾਦੀ ਮਾਰੇ ਗਏ। ਮੁਕਾਬਲੇ ਵਾਲੀ ਥਾਂ ਹੋਏ ਧਮਾਕੇ ਕਾਰਨ ਸੱਤ ਨਾਗਰਿਕਾਂ ਦੀ ਵੀ ਮੌਤ ਹੋ ਗਈ। ਇਸ ਮੁਕਾਬਲੇ ਵਿੱਚ ਦੋ ਜਵਾਨ ਗੰਭੀਰ ਰੂਪ ਵਿੱਚ ਜ਼ਖਮੀ ਹੋਏ।



ਮਿਲੀਆਂ ਖਬਰਾਂ ਮੁਤਾਬਕ ਕੁਲਗਾਮ ਦੇ ਲਾਰੂ ਇਲਾਕੇ ਵਿੱਚ ਕੁਝ ਅੱਤਵਾਦੀਆਂ ਦੇ ਹੋਣ ਬਾਰੇ ਸੁਰੱਖਿਆ ਫੋਰਸਾਂ ਨੂੰ ਜਾਣਕਾਰੀ ਮਿਲੀ ਸੀ। ਜਦੋਂ ਇਲਾਕੇ ਦੀ ਘੇਰਾਬੰਦੀ ਕੀਤੀ ਤਾਂ ਅੱਤਵਾਦੀਆਂ ਨੇ ਫਾਇਰਿੰਗ ਕਰ ਦਿੱਤੀ, ਜਿਸ ਪਿੱਛੋਂ ਮੁਕਾਬਲਾ ਸ਼ੁਰੂ ਹੋ ਗਿਆ। ਮੌਕੇ ਤੋਂ ਸੁਰੱਖਿਆ ਫੋਰਸਾਂ ਦੇ ਜਵਾਨਾਂ ਦੇ ਹਟਣ ਪਿੱਛੋਂ ਕੁਝ ਲੋਕ ਮੁਕਾਬਲੇ ਵਾਲੀ ਥਾਂ ਆਏ ਤਾਂ ਇਸ ਦੌਰਾਨ ਅਚਾਨਕ ਉਥੇ ਧਮਾਕਾ ਹੋਇਆ, ਜਿਸ ਕਾਰਨ ਸੱਤ ਨਾਗਰਿਕਾਂ ਦੀ ਮੌਤ ਹੋ ਗਈ। ਇਸੇ ਦੌਰਾਨ ਇਲਾਕੇ ਵਿੱਚ ਨੌਜਵਾਨਾਂ ਤੇ ਸੁਰੱਖਿਆ ਫੋਰਸਾਂ ਵਿਚਾਲੇ ਝੜਪਾਂ ਸ਼ੁਰੂ ਹੋ ਗਈਆਂ। ਪੁਲਸ ਨੇ ਉਨ੍ਹਾਂ ਨੂੰ ਖਦੇੜਨ ਲਈ ਤਾਕਤ ਦੀ ਵਰਤੋਂ ਕੀਤੀ। ਜੰਮੂ-ਕਸ਼ਮੀਰ ਦੇ ਰਾਜਪਾਲ ਦੇ ਸਲਾਹਕ-ਾਰ ਕੇ. ਵਿਜੇ ਕੁਮਾਰ ਅਤੇ ਪੁਲਸ ਮੁਖੀ ਦਿਲਬਾਗ ਸਿੰਘ ਨੇ ਵੀ ਨਾਗਰਿਕਾਂ ਦੀ ਮੌਤ 'ਤੇ ਅਫਸੋਸ ਪ੍ਰਗਟਾਇਆ।

ਇਸ ਦੌਰਾਨ ਜੰਮੂ-ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਵਿੱਚ ਕੰਟਰੋਲ ਰੇਖਾ ਉੱਤੇ ਫੌਜ ਨੇ ਘੁਸਪੈਠ ਦੀ ਇੱਕ ਕੋਸ਼ਿਸ਼ ਨੂੰ ਨਾਕਾਮ ਕਰਦੇ ਹੋਏ ਕੱਲ੍ਹ ਦੋ ਪਾਕਿਸਤਾਨੀ ਘੁਸਪੈਠੀਆਂ ਨੂੰ ਮਾਰ ਦਿੱਤਾ। ਇੱਕ ਫੌਜ ਅਧਿਕਾਰੀ ਨੇ ਆਪਣਾ ਨਾਂਅ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਮ੍ਰਿਤਕ ਘੁਸਪੈਠੀਆਂ ਨੂੰ ਪਾਕਿਸਤਾਨ ਦੀ ਬਾਰਡਰ ਐਕਸ਼ਨ ਟੀਮ ਦਾ ਮੈਂਬਰ ਮੰਨਿਆ ਜਾਂਦਾ ਹੈ। ਇਸ ਵਿੱਚ ਪਾਕਿਸਤਾਨੀ ਫੌਜ ਦੇ ਜਵਾਨ ਅਤੇ ਸਿਖਲਾਈ ਪ੍ਰਾਪਤ ਅੱਤਵਾਦੀ ਸ਼ਾਮਲ ਹੁੰਦੇ ਹਨ। ਮ੍ਰਿਤਕ ਘੁਸਪੈਠੀਆਂ ਵੱਲੋਂ ਦੋ ਏ ਕੇ 47 ਰਾਈਫਲਾਂ ਅਤੇ ਹੋਰ ਹਥਿਆਰ ਬਰਾਮਦ ਹੋਏ ਹਨ।

# ਸੂਚਨਾ ਕਮਿਸ਼ਨ ਨੇ ਸਰਕਾਰ ਨੂੰ ਭ੍ਰਿਸ਼ਟਾਚਾਰ ਦੇ ਕੇਸ ਜਾਰੀ ਕਰਨ ਨੂੰ ਕਿਹਾ

ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਕੇਂਦਰੀ ਸੂਚਨਾ ਕਮਿਸ਼ਨ ਨੇ ਸਾਲ 2014 ਤੋਂ 2017 ਵਿਚਾਲੇ ਕੇਂਦਰੀ ਮੰਤਰੀਆਂ ਖਿਲਾਫ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਨੂੰ ਜਨਤਕ ਕਰਨ ਦਾ ਨਿਰਦੇਸ਼ ਦਿੱਤਾ ਹੈ। ਉਸ ਨੇ ਇਨ੍ਹਾਂ ਸ਼ਿਕਾਇਤਾਂ 'ਤੇ ਕੀਤੀ ਗਈ ਕਾਰਵਾਈ ਦਾ ਵੇਰਵਾ ਵੀ ਸਾਂਝਾ ਕਰਨ ਦਾ ਸਰਕਾਰ ਨੂੰ ਆਦੇਸ਼ ਦਿੱਤਾ ਹੈ।

ਆਈ ਐਫ ਐਸ (ਇੰਡੀਅਨ ਫਾਰੇਨ ਸਰਵਿਸ) ਦੇ ਅਫਸਰ ਸੰਜੀਵ ਚਤੁਰਵੇਦੀ ਦੀ ਇੱਕ ਪਟੀਸ਼ਨ 'ਤੇ ਫੈਸਲਾ ਸੁਣਾਉਂਦੇ ਹੋਏ ਸੀ ਆਈ ਸੀ ਰਾਧਾ ਕ੍ਰਿਸ਼ਨ ਮਾਥੁਰ ਨੇ ਇਹ ਨਿਰਦੇਸ਼ ਦਿੱਤਾ। ਨਾਲ ਸੀ ਆਈ ਸੀ ਨੇ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਵਿਦੇਸ਼ ਤੋਂ ਲਿਆਂਦੇ ਗਏ ਕਾਲੇ ਧਨ ਦੇ ਅਨੁਪਾਤ ਅਤੇ ਮੁੱਲ ਦੇ ਬਾਰੇ ਸੂਚਨਾ ਦੇਣ ਅਤੇ ਇਸ ਸਬੰਧ ਵਿੱਚ ਕੀਤੀਆਂ ਗਈਆਂ ਕੋਸ਼ਿਸ਼ਾਂ ਦੇ ਰਿਕਾਰਡ ਹਾਸਲ ਕਰਵਾਉਣ ਦਾ ਵੀ ਪ੍ਰਧਾਨ ਮੰਤਰੀ ਦਫਤਰ ਨੂੰ ਆਦੇਸ਼ ਦਿੱਤਾ ਹੈ। ਇਸੇ ਤਰ੍ਹਾਂ ਕੇਂਦਰੀ ਸੂਚਨਾ ਕਮਿਸ਼ਨ ਨੇ ਵਿਦੇਸ਼ ਤੋਂ ਲਿਆਂਦੇ ਕਾਲੇ ਧਨ ਨਾਲ ਭਾਰਤੀ ਨਾਗਰਿਕਾਂ ਦੇ ਬੈਂਕ ਖਾਤਿਆਂ ਵਿੱਚ ਸਰਕਾਰ ਵੱਲੋਂ ਜਮ੍ਹਾਂ ਕਰਵਾਈ ਰਕਮ ਦੇ ਬਾਰੇ ਜਾਣਕਾਰੀ ਨੂੰ ਵੀ ਜਨਤਕ ਕਰਨ ਦਾ ਨਿਰਦੇਸ਼ ਦਿੱਤਾ।




ਪੀ ਐਮ ਓ ਨੇ ਕਾਲੇ ਧਨ ਦੇ ਸਬੰਧ ਵਿੱਚ ਆਰ ਟੀ ਆਈ ਅਰਜ਼ੀ ਨਾਲ ਪੁੱਛੇ ਗਏ ਸੰਜੀਵ ਚਤੁਰਵੇਦੀ ਦੇ ਸਵਾਲਾਂ ਨੂੰ 'ਸੂਚਨਾ' ਦੀ ਪਰਿਭਾਸ਼ਾ ਦੇ ਦਾਇਰੇ ਤੋਂ ਬਾਹਰ ਦਾ ਦੱਸਿਆ ਸੀ, ਪਰ ਮੁੱਖ ਸੂਚਨਾ ਕਮਿਸ਼ਨਰ ਨੇ ਪੀ ਐਮ ਓ ਦੀ ਇਹ ਦਲੀਲ ਠੁਕਰਾ ਦਿੱਤੀ।

# ਨੌਜਵਾਨ ਨੂੰ ਬਚਾਉਣ ਖੂਹ ਵਿੱਚ ਇੱਕੋ ਘਰ ਦੇ ਪੰਜ ਜੀਅ ਉੱਤਰੇ, ਚਹੁੰ ਦੀ ਮੌਤ

ਅੰਬਾਲਾ ਛਾਉਣੀ, 22 ਅਕਤੂਬਰ (ਪੋਸਟ ਬਿਊਰੋ)- ਇਸ ਸ਼ਹਿਰ ਦੇ ਨੇੜਲੇ ਪਿੰਡ ਬਕਨੌਰ ਵਿੱਚ ਕੱਲ੍ਹ ਸ਼ਾਮ ਬੰਦ ਪਏ ਪੁਰਾਣੇ ਖੂਹ ਵਿੱਚ ਡਿੱਗਣ ਨਾਲ ਚਾਰ ਵਿਅਕਤੀਆਂ ਦੀ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਇਸ ਪਿੰਡ ਦਾ ਨੌਜਵਾਨ ਸੰਜੂ ਨਸ਼ੇ ਦਾ ਆਦੀ ਸੀ ਅਤੇ ਸ਼ਾਮ ਕਰੀਬ ਪੰਜ ਵਜੇ ਉਹ ਨਸ਼ੇ ਵਿੱਚ ਪਿੰਡ ਦੇ ਬੰਦ ਖੂਹ ਵਿੱਚ ਜਾ ਡਿੱਗਾ। ਇਹ ਖੂਹ ਕਾਫੀ ਸਮੇਂ ਤੋਂ ਬੰਦ ਪਿਆ ਸੀ ਅਤੇ ਇਸ ਵਿੱਚ ਦਲਦਲ ਅਤੇ ਗੰਦਗੀ ਕਾਰਨ ਜ਼ਹਿਰੀਲੀ ਗੈਸ ਬਣ ਗਈ ਸੀ। ਪਿੰਡ ਦੇ ਲੋਕਾਂ ਨੇ ਸੰਜੂ ਨੂੰ ਖੂਹ ਵਿੱਚ ਡਿੱਗੇ ਦੇਖ ਕੇ ਉਸ ਦੇ ਘਰ ਸੂਚਨਾ ਦਿੱਤੀ ਤਾਂ ਉਸੇ ਵੇਲੇ ਡਿਊਟੀ ਤੋਂ ਪਰਤੇ ਫੌਜੀ ਮਨਜੀਤ ਸਿੰਘ ਨੇ ਬਿਨਾ ਕਿਸੇ ਦੀ ਪ੍ਰਵਾਹ ਕੀਤੇ ਖੂਹ ਵਿੱਚ ਛਾਲ ਮਾਰ ਦਿੱਤੀ। ਮਨਜੀਤ ਨੂੰ ਖੂਹ ਵਿੱਚ ਛਾਲਦੇ ਮਾਰਦੇ ਦੇਖ ਕੇ ਉਸ ਦਾ ਸਕਾ ਭਰਾ ਸੁਰਿੰਦਰ ਵੀ ਉਸ ਨੂੰ ਬਚਾਉਣ ਦੇ ਲਈ ਖੂਹ ਵਿੱਚ ਕੁਦ ਪਿਆ। ਇਸ ਦੇ ਬਾਅਦ ਇੱਕ ਦੂਸਰੇ ਨੂੰ ਬਚਾਉਣ ਦੇ ਲਈ ਇੱਕੋ ਘਰ ਦੇ ਪੰਜ ਮੈਂਬਰ ਖੂਹ ਵਿੱਚ ਕੁਦ ਪਏ ਤੇ ਉਨ੍ਹਾਂ ਦੀ ਮਦਦ ਲਈ ਪਿੰਡ ਵਾਸੀ ਇਕੱਠੇ ਹੋ ਗਏ। ਸਾਰਿਆਂ ਨੂੰ ਬਚਾਉਣ ਲਈ ਪਿੰਡ ਵਾਲਿਆਂ ਨੇ ਪਹਿਲਾਂ ਤਾਂ ਗੈਸ ਖਤਮ ਕਰਨ ਲਈ ਖੂਹ ਵਿੱਚ ਚੂਨਾ ਪਾਇਆ, ਫਿਰ ਇੱਕ ਵਿਅਕਤੀ ਖੂਹ ਵਿੱਚ ਉੱਤਰਿਆ ਤੇ ਇੱਕ-ਇੱਕ ਕਰ ਕੇ ਰੱਸੀ ਤੇ ਸਰੀਏ ਦੀ ਮਦਦ ਨਾਲ ਬੇਹੋਸ਼ ਹੋਏ ਲੋਕਾਂ ਨੂੰ ਬਾਹਰ ਕੱਢਿਆ। ਪਿੰਡ ਵਾਸੀਆਂ ਨੇ ਇਲਾਜ ਦੇ ਲਈ ਸਭ ਨੂੰ ਅੰਬਾਲਾ ਦੇ ਸਿਵਲ ਹਸਪਤਾਲ ਭਰਤੀ ਕਰਾਇਆ, ਪਰ ਇਲਾਜ ਦੌਰਾਨ ਡਾਕਟਰਾਂ ਦੀ ਕੋਸ਼ਿਸ਼ ਦੇ ਬਾਅਦ ਵੀ ਪਰਵਾਰ ਦੇ ਚਾਰ ਜੀਆਂ ਨੂੰ ਬਚਾਇਆ ਨਹੀਂ ਜਾ ਸਕਿਆ। ਪਿੰਡ ਵਾਸੀਆਂ ਨੇ ਦੱਸਿਆ ਕਿ ਇਹ ਖੂਹ ਕਰੀਬ ਤੀਹ ਸਾਲ ਤੋਂ ਬੰਦ ਸੀ ਅਤੇ ਇਸ ਵਿੱਚ ਕਰੀਬ ਤਿੰਨ-ਚਾਰ ਫੁੱਟ ਪਾਣੀ ਸੀ।

# ਭਾਰਤ ਦੀ ਨਵੀਂ ਸਿਖਿਆ ਨੀਤੀ ਨੂੰ ਹਾਲੇ ਹੋਰ ਵਕਤ ਲੱਗੇਗਾ

ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਨਵੀਂ ਸਿਖਿਆ ਨੀਤੀ ਦੀ ਉਡੀਕ ਕਰ ਰਹੇ ਲੋਕਾਂ ਨੂੰ ਫਿਲਹਾਲ ਕੁਝ ਮਹੀਨੇ ਹੋਰ ਇੰਤਜ਼ਾਰ ਕਰਨਾ ਪੈ ਸਕਦਾ ਹੈ। ਇਸ ਦੇ ਦਸੰਬਰ ਤੱਕ ਆਉਣ ਦੀ ਸੰਭਾਵਨਾ ਹੈ। ਇਸ ਦਾ ਕਾਰਨ ਪੰਜ ਰਾਜਾਂ ਦੀਆਂ ਚੋਣਾਂ ਦੇ ਨਾਲ ਨੀਤੀ ਨੂੰ ਪੂਰੀ ਤਰ੍ਹਾਂ ਨਾਲ ਠੋਕ ਵਜਾ ਕੇ ਲਾਗੂ ਕਰਨ ਦੀ ਕੋਸ਼ਿਸ਼ ਵੀ ਹੈ। ਅਜਿਹੇ ਵਿੱਚ ਨਵੀਂ ਨੀਤੀ ਦਾ ਖਰੜਾ ਤਿਆਰ ਕਰ ਰਹੀ ਕਮੇਟੀ ਨੂੰ ਇੱਕ ਹੋਰ ਵਿਸਥਾਰ ਦਿੱਤੇ ਜਾਣ ਦੀ ਸੰਭਾਵਨਾ ਹੈ। ਇਸ ਦਾ ਕਾਰਜਕਾਲ ਫਿਲਹਾਲ 31 ਅਕਤੂਬਰ ਨੂੰ ਖਤਮ ਹੋ ਰਿਹਾ ਹੈ।

ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਦੇ ਸਾਬਕਾ ਮੁਖੀ ਕੇ. ਕਸਤੂਰੀਰੰਗਨ ਦੀ ਅਗਵਾਈ ਵਿੱਚ ਕੰਮ ਕਰ ਰਹੀ ਸਿੱਖਿਆ ਬਾਰੇ ਕਮੇਟੀ ਦਾ ਕਾਰਜਕਾਲ ਖਤਮ ਹੋਣ ਤੋਂ ਪਹਿਲਾਂ ਨਵੀਂ ਸਿਖਿਆ ਨੀਤੀ ਪੇਸ਼ ਹੋਣ ਦੇ ਕਿਆਸ ਲੱਗ ਰਹੇ ਸਨ। ਕਮੇਟੀ ਦੇ ਇੱਕ ਸੀਨੀਅਰ ਮੈਂਬਰ ਨੇ ਇਸ ਸੰਭਾਵਨਾ ਨਾਲ ਅਸਹਿਮਤੀ ਪ੍ਰਗਟਾਈ ਅਤੇ ਕਿਹਾ ਹੈ ਕਿ ਅਜੇ ਨੀਤੀ ਦੀ ਸਮੀਖਿਆ ਦਾ ਦੌਰ ਚੱਲ ਰਿਹਾ ਹੈ। ਦੋ ਦਿਨ ਪਹਿਲਾਂ ਬੰਗਲੌਰ ਵਿੱਚ ਇਸ ਬਾਰੇ ਕਾਰਜਸ਼ਾਲਾ ਕੀਤੀ ਗਈ ਸੀ। ਇਸ ਵਿੱਚ ਸਿਖਿਆ ਦੇ ਖੇਤਰ ਨਾਲ ਜੁੜੇ ਲੋਕਾਂ ਵਿਚਾਲੇ ਨੀਤੀ ਬਾਰੇ ਚਰਚਾ ਹੋਈ ਹੈ। ਆਉਂਦੇ ਦਿਨਾਂ ਵਿੱਚ ਦੇਸ਼ ਦੇ ਕੁਝ ਵੱਡੇ ਸ਼ਹਿਰਾਂ ਵਿੱਚ ਅਜਿਹੇ ਆਯੋਜਨ ਹੋਣੇ ਹਨ। ਪਿੱਛੇ ਜਿਹੇ ਕੇਂਦਰੀ ਮਨੁੱਖੀ ਵਸੀਲੇ ਤੇ ਵਿਕਾਸ ਮੰਤਰੀ ਪ੍ਰਕਾਸ਼ ਜਾਵਡੇਕਰ ਨੇ ਵੀ ਅਕਤੂਬਰ ਵਿੱਚ ਨਵੀਂ ਨੀਤੀ ਦੇ ਆਉਣ ਦੀ ਸੰਭਾਵਨਾ ਬਾਰੇ ਕਿਹਾ ਸੀ ਕਿ ਜਲਦੀ ਆਏਗੀ, ਇਸੇ ਸਾਲ ਦੇ ਅਖੀਰ ਤੱਕ ਪੇਸ਼ ਹੋਣ ਦੀ ਸੰਭਾਵਨਾ ਹੈ।

# ਕੇਰਲ ਦੇ ਸਾਬਕਾ ਮੁੱਖ ਮੰਤਰੀ ਚਾਂਡੀ ਉੱਤੇ ਯੋਨ ਸ਼ੋਸ਼ਣ ਦਾ ਕੇਸ ਦਰਜ

ਤਿਰੂਵਨੰਤਪੁਰਮ, 22 ਅਕਤੂਬਰ (ਪੋਸਟ ਬਿਊਰੋ)- ਕੇਰਲ ਪੁਲਸ ਦੀ ਕਰਾਈਮ ਬ੍ਰਾਂਚ ਨੇ ਸੋਲਰ ਘੋਟਾਲੇ ਵਿੱਚ ਕੇਰਲਾ ਦੇ ਸਾਬਕਾ ਮੁੱਖ ਮੰਤਰੀ ਓਮਨ ਚਾਂਡੀ ਅਤੇ ਪਾਰਲੀਮੈਂਟ ਮੈਂਬਰ ਕੇ ਸੀ ਵੇਣੂਗੋਪਾਲ ਦੇ ਖਿਲਾਫ ਯੌਨ ਸ਼ੋਸ਼ਣ ਦਾ ਮਾਮਲਾ ਦਰਜ ਕੀਤਾ ਹੈ। ਇਹ ਕਾਰਵਾਈ ਇੱਕ ਦੋਸ਼ਣ ਸਰਿਤਾ ਐੱਸ ਨਾਇਰ ਦੀ ਸ਼ਿਕਾਇਤ ਉੱਤੇ ਕੀਤੀ ਗਈ ਹੈ।



ਡਾਇਰੈਕਟਰ ਜਨਰਲ ਪੁਲਸ (ਡੀ ਜੀ ਪ) ਲੋਕਨਾਥ ਬੇਹਰਾ ਦੇ ਅਨਸਾਰ ਪੁਲਸ ਸੁਪਰਡੈਂਟ ਅਬਦੁਲ ਕਰੀਮ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ ਇਸ ਕੇਸ ਦੀ ਜਾਂਚ ਕਰੇਗੀ ਤੇ ਕਾਨੂੰਨ ਆਪਣਾ ਕੰਮ ਕਰੇਗਾ। ਦੂਸਰੇ ਪਾਸੇ ਸਾਬਕਾ ਮੁੱਖ ਮੰਤਰੀ ਚਾਂਡੀ ਨੇ ਇਸ ਕੇਸ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਦੇ ਹੋਏ ਕਿਹਾ ਕਿ ਇਸ ਸਮੇਂ ਕੇਸ ਦਰਜ ਕਰ ਕੇ ਰਾਜ ਦੀ ਸੀ ਪੀ ਆਈ (ਐਮ) ਦੀ ਅਗਵਾਈ ਵਾਲੀ ਐੱਲ ਡੀ ਐੱਫ ਸਰਕਾਰ ਸਬਰੀਮਾਲਾ ਮੁੱਦੇ ਤੋਂ ਲੋਕਾਂ ਦਾ ਧਿਆਨ ਲਾਂਭੇ ਪਾਉਣਾ ਚਾਹੁੰਦੀ ਹੈ। ਉਨ੍ਹਾਂ ਨੇ ਇਸ ਮਾਮਲੇ ਦਾ ਕਾਨੂੰਨੀ ਤੌਰ ਉੱਤੇ ਸਾਹਮਣਾ ਕਰਨ ਦੀ ਗੱਲ ਕਹੀ।

ਵਰਨਣ ਯੋਗ ਹੈ ਕਿ ਸਰਿਤਾ ਨਾਇਰ ਨੇ ਦੋਸ਼ ਲਾਇਆ ਸੀ ਕਿ ਓਮਨ ਚਾਂਡੀ ਨੇ ਜਿੱਥੇ 2012 ਵਿੱਚ ਮੁੱਖ ਮੰਤਰੀ ਵਾਲੀ ਰਿਹਾਇਸ਼ 'ਕਲਿਫ ਹਾਊਸ' ਵਿੱਚ ਉਸ ਦਾ ਯੌਨ ਸ਼ੋਸ਼ਣ ਕੀਤਾ ਸੀ, ਉਥੇ ਹੀ ਵੇਣੂਗੋਪਾਲ ਨੇ ਸੂਬੇ ਦੇ ਤਤਕਾਲੀ ਮੰਤਰੀ ਏ ਪੀ ਅਨਿਲ ਕੁਮਾਰ ਦੇ ਘਰ 'ਰੋਜ਼ ਆਵਾਸ' ਵਿਖੇ ਉਸ ਨਾਲ ਬਲਾਤਕਾਰ ਕੀਤਾ ਸੀ। ਸੋਲਰ ਪੈਨਲ ਘੋਟਾਲੇ ਵਿੱਚ ਸਰਿਤਾ ਨਾਇਰ ਅਤੇ ਬੀਜੂ ਰਾਧਾਕ੍ਰਿਸ਼ਨਨ ਦਾ ਨਾਂਅ ਸਾਹਮਣੇ ਆਉਣ ਪਿੱਛੋਂ ਇਸ ਦੀ ਜਾਂਚ ਦੇ ਲਈ ਯੂ ਡੀ ਐੱਫ ਸਰਕਾਰ ਨੇ ਇੱਕ ਕਮਿਸ਼ਨ ਬਣਾਇਆ ਸੀ। ਨੌਂ ਨਵੰਬਰ ਨੂੰ ਵਿਧਾਨ ਸਭਾ ਵਿੱਚ ਕਮਿਸ਼ਨ ਦੀ 1073 ਸਫੇ ਦੀ ਰਿਪੋਰਟ ਰੱਖੀ ਗਈ। ਇਸ ਵਿੱਚ ਸਾਬਕਾ ਮੁੱਖ ਮੰਤਰੀ ਓਮਨ ਚਾਂਡੀ ਅਤੇ ਉਸ ਦੇ ਸਟਾਫ ਉੱਤੇ ਸਰਿਤਾ ਨਾਇਰ ਅਤੇ ਉਨ੍ਹਾਂ ਦੀ ਕੰਪਨੀ ਨੂੰ ਸਹਾਇਤਾ ਪਹੁੰਚਾਉਣ ਦੀ ਗੱਲ ਕਹੀ ਗਈ ਸੀ।

DUCT CLEANING

A breath of Clean air

Residential & Commercial Air duct cleaning and dryer vent cleaning

Free Sanitizer




66 ਹੋਰਸ ਪਾਵਰ ਦੇ ਇੰਜਨ ਦੇ ਵੈਕਯੂਮ ਨਾਲ ਤਸਲੀ ਬਖਸ਼ ਕੰਮ ਦੀ ਗਾਰੰਟੀ

For Professional Duct Cleaning Services

Call Air Frais Duct Cleaning at:

905-867-9000

◆ Insurance ◆

Punjab Insurance Inc

- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA



Harpinder Kaur
Insurance Advisor

416.452.7373

harpinderkaur@punjabinsurance.ca

www.punjabinsurance.ca

BANKRUPTCY, PROPOSAL, R9.........

no problem!
we will fix your credit



TNG SUNRISE SERVICES INC.

Tarun Genda(Kumar)

Tel:905-781-5292
Cell: 416-305-1290

TNG

PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property

CREDIT REPAIR:
Fix your Credit, Bankruptcy, Proposal, Collections, R-9 and Late payments.

CREDIT CONSULTING:
We do Settlement, Filling Bankruptcy & Proposals

ACCOUNTING:
Tax File get Maximum refund for personal & Bussiness

email: tngservices1@hotmail.com

Golden gate plaza
100 Pertosa Drive, Suite 211
Brampton, ON. L6X 0H9

A/Z Drivers Needed/ਡਰਾਈਵਰਾਂ ਦੀ ਲੋੜ



- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344

ਡਗਲਸ ਨੇ ਕਿਹਾ:

## ਕਮਾਈ ਦਾ ਹਿੱਸਾ ਮੰਗਦੀ ਸੀ ਵੈਦਰ ਗਰਲ, ਬ੍ਰੇਕਅਪ ਹੋ ਗਿਆ



ਲੰਡਨ, 22 ਅਕਤੂਬਰ (ਪੋਸਟ ਬਿਊਰੋ)- ਫੀਫਾ ਵਿਸ਼ਵ ਕੱਪ ਦੌਰਾਨ ਲਾਈਵ ਸ਼ੋਅ ਵਿੱਚ ਆਪਣੇ ਪਿਛਵਾੜੇ ਉੱਤੇ ਲੱਤ ਖਾ ਕੇ ਮਸ਼ਹੂਰ ਹੋਈ ਵੈਦਰ ਗਰਲ ਯਾਨੇਟ ਗਾਰਸੀਆ ਇੱਕ ਵਾਰ ਫਿਰ ਚਰਚਾ ਵਿੱਚ ਹੈ।

ਦਰਅਸਲ ਯਾਨੇਟ ਨੇ ਬੀਤੇ ਦਿਨੀਂ ਆਪਣੇ ਪ੍ਰੋ ਗੇਮਰ ਬੁਆਏ ਫਰੈਂਡ ਡਗਲਸ ਨਾਲ ਬ੍ਰੇਕਅਪ ਕਰ ਲਿਆ ਸੀ। ਇਸ ਬਾਰੇ ਡਗਲਸ ਦਾ ਕਹਿਣਾ ਹੈ ਕਿ ਯਾਨੇਟ ਆਪਣੇ ਕੰਮ ਵਿੱਚ ਵੱਧ ਰੁੱਝੀ ਰਹਿੰਦੀ ਹੈ। ਇਸ ਕਾਰਨ ਉਸ ਦਾ ਬ੍ਰੇਕਅਪ ਹੋਇਆ, ਪਰ ਡਗਲਸ ਨੇ ਆਪਣੇ ਯੂ ਟਿਊਬ ਚੈਨਲ 'ਤੇ ਵੀਡੀਓ ਅਪਲੋਡ ਕਰ ਕੇ ਯਾਨੇਟ 'ਤੇ ਸਨਸਨੀਖੇਜ਼ ਦੋਸ਼ ਲਾਏ ਹਨ। ਉਸ ਦਾ ਕਹਿਣਾ ਹੈ ਕਿ ਯਾਨੇਟ ਨਾਲੋਂ ਬ੍ਰੇਕਅਪ ਯੂ ਟਿਊਬ ਚੈਨਲ ਤੋਂ ਹੁੰਦੀ ਕਮਾਈ ਕਾਰਨ ਹੋਇਆ ਸੀ। ਡਗਲਸ ਨੇ ਕਿਹਾ ਹੈ ਕਿ ਚੈਨਲ ਤੋਂ ਕਮਾਈ ਹੁੰਦੀ ਦੇਖ ਕੇ ਯਾਨੇਟ ਹਿੱਸਾ ਮੰਗਣ ਲੱਗ ਪਈ ਸੀ। ਯਾਨੇਟ ਦਾ ਮੰਨਣਾ ਸੀ ਕਿ ਉਸ ਦੀ ਵੀਡੀਓ ਨੂੰ ਫਾਲੋਅਰ ਸਿਰਫ ਉਸ ਦੇ ਕਾਰਨ ਮਿਲਦੇ ਹਨ। ਯਾਨੇਟ ਦਾ ਇਹ ਰੂਪ ਦੇਖ ਕੇ ਉਸ ਨੂੰ ਧੱਕਾ ਲੱਗਾ ਸੀ। ਡਗਲਸ ਨੂੰ ਲੱਗਦਾ ਸੀ ਕਿ ਪ੍ਰੇਮੀ-ਪ੍ਰੇਮਿਕਾ ਵਿੱਚ ਸ਼ੁਰੂ 'ਚ ਝਗੜੇ ਹੁੰਦੇ ਹਨ ਅਤੇ ਉਹ ਜਲਦੀ ਪੈਚਅਪ ਕਰ ਲੈਣਗੇ, ਪਰ ਅਜਿਹਾ ਨਹੀਂ ਹੋਇਆ। ਜ਼ਿਕਰ ਯੋਗ ਹੈ ਕਿ ਡਗਲਸ ਨਾਲ ਬ੍ਰੇਕਅਪ ਤੋਂ ਬਾਅਦ ਯਾਨੇਟ ਨੇ ਸੋਸ਼ਲ ਸਾਈਟਸ 'ਤੇ ਇਸ ਨੂੰ ਨਾ ਸਹਿਣ ਯੋਗ ਦੱਸਿਆ ਸੀ। ਉਸ ਨੇ ਲਿਖਿਆ ਸੀ ਕਿ ਜੇ ਡਗਲਸ ਮੁਆਫੀ ਮੰਗ ਕੇ ਮੇਰੀ ਜ਼ਿੰਦਗੀ ਵਿੱਚ ਵਾਪਸ ਵੀ ਆਉਣਾ ਚਾਹੇ ਤਾਂ ਮੈਂ ਇਸ ਦੀ ਉਸ ਨੂੰ ਇਜਾਜ਼ਤ ਨਹੀਂ ਦੇਵਾਂਗੀ। ਇਸ ਤੋਂ ਬਾਅਦ ਯਾਨੇਟ ਦੇ ਪ੍ਰਸ਼ੰਸਕਾਂ ਨੇ ਡਗਲਸ ਨੂੰ ਸੋਸ਼ਲ ਮੀਡੀਆ 'ਤੇ ਕਾਫੀ ਬੁਰਾ ਭਲਾ ਕਿਹਾ ਸੀ।

# ਖਸ਼ੋਗੀ ਕਤਲ ਪਿੱਛੋਂ ਜਰਮਨੀ ਨੇ ਸਾਊਦੀ ਅਰਬ ਨੂੰ ਹਥਿਆਰ ਦੇਣ ਤੋਂ ਨਾਂਹ ਕੀਤੀ

ਬਰਲਿਨ, 22 ਅਕਤੂਬਰ (ਪੋਸਟ ਬਿਊਰੋ)- ਜਰਮਨੀ ਦੀ ਚਾਂਸਲਰ ਏਂਜਲਾ ਮਰਕੇਲ ਨੇ ਸਾਊਦੀ ਅਰਬ ਨੂੰ ਕੀਤੀ ਜਾਣ ਵਾਲੀ ਹਥਿਆਰਾਂ ਦੀ ਵਿਕਰੀ ਰੋਕਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਉਹ ਮੌਜੂਦਾ ਹਾਲਾਤ 'ਚ ਸਾਊਦੀ ਅਰਬ ਨੂੰ ਹਥਿਆਰ ਵੇਚਣ ਦਾ ਕੰਮ ਉਹ ਜਾਰੀ ਨਹੀਂ ਰੱਖ ਸਕਦੇ।




ਬਰਲਿਨ ਵਿੱਚ ਪਾਰਟੀ ਦੇ ਵੱਡੇ ਆਗੂਆਂ ਦੀ ਮੀਟਿੰਗ ਤੋਂ ਬਾਅਦ ਮਰਕੇਲ ਨੇ ਕਿਹਾ, 'ਹਥਿਆਰਾਂ ਦੀ ਬਰਾਮਦ ਦੇ ਫੈਸਲੇ ਦਾ ਕੋਈ ਆਧਾਰ ਪ੍ਰਤੀਤ ਨਹੀਂ ਹੁੰਦਾ।' ਮਰਕੇਲ ਨੇ ਇਸ ਤੋਂ ਪਹਿਲਾਂ ਆਪਣੀ ਪਾਰਟੀ ਸੋਸ਼ਲ ਡੈਮੋਕ੍ਰੇਟਿਕ ਵੱਲੋਂ ਵਿਦੇਸ਼ ਮੰਤਰੀ ਮੇਕੋ ਮਾਸ ਨਾਲ ਸਾਂਝਾ ਬਿਆਨ ਜਾਰੀ ਕਰਦੇ ਹੋਏ ਪੱਤਰਕਾਰ ਜਮਾਲ ਖਸ਼ੋਗੀ ਦੇ ਕਤਲ ਦੀ ਨਿੰਦਾ ਕੀਤੀ ਸੀ। ਇਸ ਦੌਰਾਨ ਮੇਕੋ ਮਾਸ ਨੇ ਜਰਮਨੀ ਦੇ ਚੈਨਲ-1 ਨੂੰ ਕਿਹਾ ਕਿ ਖਸ਼ੋਗੀ ਦੀ ਮੌਤ ਤੋਂ ਬਾਅਦ ਅਸੀਂ ਸਾਊਦੀ ਅਰਬ ਨੂੰ ਹਥਿਆਰਾਂ ਦੀ ਵਿਕਰੀ ਕਰਨਾ ਜਾਰੀ ਨਹੀਂ ਰੱਖ ਸਕਦੇ।

ਇਸ ਦੌਰਾਨ ਪਤਾ ਲੱਗਾ ਹੈ ਕਿ ਸਾਊਦੀ ਅਰਬ ਦੇ ਸ਼ਾਹ ਵਲੀ ਅਹਿਦ ਮੁਹੰਮਦ ਬਿਨ ਸਲਮਾਨ ਨੇ ਇਸਤਾਂਬੁਲ ਦੇ ਆਪਣੇ ਦੇਸ਼ ਦੇ ਵਪਾਰ ਕੌਂਸਲੇਟ ਵਿੱਚ ਮਾਰੇ ਗਏ ਪੱਤਰਕਾਰ ਜਮਾਲ ਖਸ਼ੋਗੀ ਦੇ ਬੇਟੇ ਨੂੰ ਫੋਨ ਕਰਕੇ ਆਪਣੀ ਹਮਦਰਦੀ ਪ੍ਰਗਟ ਕੀਤੀ ਹੈ। ਸਾਊਦੀ ਅਰਬ ਨੇ ਸੋਮਵਾਰ ਦੀ ਸਵੇਰ ਇਸ ਦਾ ਐਲਾਨ ਕੀਤਾ। ਸ਼ਨੀਵਾਰ ਨੂੰ ਖਸ਼ੋਗੀ ਦੇ ਮਾਰੇ ਜਾਣ ਦਾ ਖੁਲਾਸਾ ਹੋਣ ਤੋਂ ਬਾਅਦ ਸਾਊਦੀ ਅਰਬ ਉੱਤੇ ਕੌਮਾਂਤਰੀ ਦਬਾਅ ਲਗਾਤਾਰ ਵਧ ਰਿਹਾ ਹੈ।

## ਅਮਰੀਕਾ ਵਿੱਚ ਫਿਊਨਰਲ ਹੋਮ ਵਿੱਚ ਛਾਪੇ ਦੌਰਾਨ ਪੁਲਸ ਨੂੰ 63 ਭਰੂਣ ਮਿਲੇ



ਵਾਸ਼ਿੰਗਟਨ, 22 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਸ਼ਹਿਰ ਡੈਟਰਾਇਟ ਦੀ ਪੁਲਸ ਨੂੰ ਕੁਝ ਵਿਸ਼ੇਸ਼ ਗੈਰ ਕਾਨੂੰਨੀ ਗਤੀਵਿਧੀਆਂ ਦੀ ਵਿਸਥਾਰਤ ਜਾਂਚ ਦੌਰਾਨ ਇਕ ਫਿਊਨਰਲ ਹੋਮ ਵਿਚ 63 ਭਰੂਣ ਮਿਲੇ ਹਨ।

ਜਾਂਚ ਅਧਿਕਾਰੀਆਂ ਨੇ ਪੈਰੀ ਫਿਊਨਰਲ ਹੋਮ ਵਿਚ ਸ਼ੁੱਕਰਵਾਰ ਛਾਪਾ ਮਾਰਿਆ, ਜਿੱਥੇ ਉਨ੍ਹਾਂ ਨੂੰ ਬਕਸੇ ਵਿਚ 36 ਭਰੂਣਾਂ ਦੇ ਹਿੱਸੇ ਮਿਲੇ ਅਤੇ ਬਾਕੀ 27 ਭਰੂਣ ਫ੍ਰੀਜ਼ਰ ਵਿਚ ਪਏ ਮਿਲੇ। ਇਕ ਅੰਗਰੇਜ਼ੀ ਅਖਬਾਰ ਨੇ ਸਥਾਨਕ ਪੁਲਸ ਦੇ ਮੁਖੀ ਜੇਮਸ ਕ੍ਰੇਗ ਦੇ ਹਵਾਲੇ ਨਾਲ ਕਿਹਾ, 'ਜਿੰਨੀ ਸਾਨੂੰ ਜਾਣਕਾਰੀ ਸੀ, ਇਹ ਉਸ ਤੋਂ ਕਿਤੇ ਵੱਧ ਹਨ।' ਉਨ੍ਹਾਂ ਨੇ ਛਾਪੇ ਦੇ ਬਾਅਦ ਪੱਤਰਕਾਰਾਂ ਨੂੰ ਦੱਸਿਆ, 'ਇਹ ਵਿਸ਼ਵਾਸ ਕਰਨ ਦੇ ਯੋਗ ਨਹੀਂ ਹੈ।' ਮਿਸ਼ੀਗਨ ਸੂਬੇ ਦੀ ਰੇਗੂਲੇਟਰੀ ਏਜੰਸੀ ਨੇ ਇਸ ਫਿਊਨਰਲ ਹੋਮ ਦਾ ਲਾਈਸੈਂਸ ਸਸਪੈਂਡ ਕਰ ਦਿੱਤਾ ਹੈ। ਇਕ ਹਫਤੇ ਪਹਿਲਾਂ ਹੀ ਜਾਂਚ ਅਧਿਕਾਰੀਆਂ ਨੂੰ ਸ਼ਹਿਰ ਵਿਚ ਇਕ ਹੋਰ ਫਿਊਨਰਲ ਹੋਮ ਦੀ ਨਕਲੀ ਛੱਤ ਵਿਚ 10 ਭਰੂਣਾਂ ਦੇ ਹਿੱਸੇ ਮਿਲੇ ਸਨ।

ਰਿਪੋਰਟ ਮੁਤਾਬਕ ਕ੍ਰੇਗ ਨੇ ਕਿਹਾ, 'ਅਸੀਂ ਆਪਣੀ ਜਾਂਚ ਹੋਰ ਵਧਾ ਰਹੇ ਹਾਂ। ਅਸੀਂ ਕਾਰਨਾਂ ਬਾਰੇ ਜਾਣਨਾ ਚਾਹੁੰਦੇ ਹਾਂ। ਕੀ ਇਹ ਪੈਸੇ ਲਈ ਹੋ ਰਿਹਾ ਸੀ? ਅਸੀਂ ਨਹੀਂ ਜਾਣਦੇ।' ਸੂਬੇ ਦੇ ਇੰਸਪੈਕਟਰਾਂ ਨੇ ਦੋਸ਼ ਲਾਇਆ ਕਿ ਫਿਊਨਰਲ ਹੋਮ ਸਮੇਂ ਉੱਤੇ ਮੌਤ ਦਾ ਸਰਟੀਫਿਕੇਟ ਪੇਸ਼ ਕਰਨ ਤੋਂ ਅਸਫਲ ਰਿਹਾ। ਉਨ੍ਹਾਂ ਨੇ ਲਾਸ਼ਾਂ ਨੂੰ ਦਫਨਾਉਣ ਲਈ ਇਜਾਜ਼ਤ ਨਹੀਂ ਲਈ ਸੀ ਅਤੇ ਨਾ ਇਸ ਦੀ ਰਿਸ਼ਤੇਦਾਰਾਂ ਵੱਲੋਂ ਇਜਾਜ਼ਤ ਸੀ। ਰਿਪੋਰਟ ਵਿਚ ਕਿਹਾ ਗਿਆ ਕਿ ਇਕ ਮਾਤਾ-ਪਿਤਾ ਨੇ ਪੈਰੀ ਫਿਊਨਰਲ ਹੋਮ 'ਤੇ ਕੇਸ ਦਰਜ ਕਰਵਾਇਆ ਹੈ। ਹੋਰ ਏਜੰਸੀਆਂ ਨੇ ਵੀ ਦੋਸ਼ ਲਾਇਆ ਕਿ ਫਿਊਨਰਲ ਹੋਮ ਨੇ ਮਾਪਿਆਂ ਨੂੰ ਦੱਸੇ ਬਿਨਾ 3 ਸਾਲ ਤੱਕ ਯੂਨੀਵਰਸਿਟੀ ਦੇ ਮੁਰਦਾਘਰ ਵਿਚ ਭਰੂਣਾਂ ਦੇ ਹਿੱਸਿਆਂ ਨੂੰ ਸਾਂਭ ਕੇ ਰੱਖਿਆ।

## ਸਟੀਫਨ ਹਾਕਿੰਗ ਦੀ ਵ੍ਹੀਲਚੇਅਰ ਤੇ ਥੀਸਸ ਦੀ ਨਿਲਾਮੀ ਹੋਵੇਗੀ

ਲੰਡਨ, 22 ਅਕਤੂਬਰ (ਪੋਸਟ ਬਿਊਰੋ)- ਸੰਸਾਰ ਦੇ ਮਹਾਨ ਸਾਇੰਸਦਾਨ ਸਟੀਫਨ ਹਾਕਿੰਗ ਦੀ ਵ੍ਹੀਲ ਚੇਅਰ ਅਤੇ ਉਸ ਦੇ ਰਿਸਰਚ ਥੀਸਿਸ ਦੀ ਨਿਲਾਮੀ ਕੀਤੀ ਜਾ ਰਹੀ ਹੈ। ਇਸ ਨਿਲਾਮੀ ਵਿੱਚ ਹਾਕਿੰਗ ਦਾ 1965 ਕੈਮਬ੍ਰਿਜ ਯੂਨੀਵਰਸਿਟੀ ਪੀ ਐੱਚ ਡੀ ਦਾ ਥੀਸਿਸ ਵੀ ਸ਼ਾਮਲ ਹੈ। ਪ੍ਰਾਪਰਟੀਜ਼ ਆਫ ਐਕਸਪੈਂਡਿੰਗ ਯੂਨੀਵਰਸ ਨਾਂਅ ਦੇ ਇਸ ਥੀਸਸ ਦਾ ਮੁੱਲ ਇੱਕ ਅੰਦਾਜ਼ੇ ਮੁਤਾਬਕ ਕਰੋੜਾਂ 'ਚ ਦੱਸਿਆ ਜਾ ਰਿਹਾ ਹੈ।

ਵਰਨਣ ਯੋਗ ਹੈ ਕਿ ਹਾਕਿੰਗ ਇਕ ਮਹਾਨ ਫਿਜ਼ਿਕਸ ਸਾਇੰਸਦਾਨ ਅਤੇ ਗਲੋਬਲ ਸੈਲੀਬ੍ਰਿਟੀ ਸਨ। ਉਨ੍ਹਾਂ ਦੀ ਇਸ ਜਾਇਦਾਦ ਦੀ ਨਿਲਾਮੀ 'ਚ ਉਨ੍ਹਾਂ ਦੇ ਕੁਝ ਗੁੰਝਲਦਾਰ ਵਿਗਿਆਨਕ ਕੰਮ, ਦੁਨੀਆ ਦੀਆਂ ਸਭ ਤੋਂ ਮਸ਼ਹੂਰ ਵ੍ਹੀਲ ਚੇਅਰਾਂ ਵਿੱਚੋਂ ਇਕ ਉਨ੍ਹਾਂ ਦੀ ਚੇਅਰ ਅਤੇ 'ਦ ਸਿੰਪਸਨਜ਼' ਨਾਂ ਦੇ ਪ੍ਰਸਿੱਧ ਪੱਤਰ ਦੀ ਸਕ੍ਰਿਪਟ ਵੀ ਸ਼ਾਮਲ ਹੈ। ਮੋਟਰ ਨਿਊਰੋਨ ਰੋਗ ਨਾਲ ਗ੍ਰਸਤ ਇਸ ਸਾਇੰਸਦਾਨ ਦਾ 76 ਸਾਲ ਦੀ ਉਮਰ 'ਚ ਦਿਹਾਂਤ ਹੋ ਗਿਆ ਸੀ। ਨਿਲਾਮੀ ਸੰਸਥਾ ਕ੍ਰਿਸਟੀ ਨੇ ਅੱਜ ਸੋਮਵਾਰ ਨੂੰ ਹਾਕਿੰਗ ਨਾਲ ਜੁੜੀਆਂ 22 ਆਈਟਮਾਂ ਦੀ ਨਿਲਾਮੀ ਕਰਾਉਣ ਦਾ ਐਲਾਨ ਕੀਤਾ ਹੈ। ਇਸ ਆਨਲਾਈਨ ਵਿਕਰੀ ਵਿੱਚ ਹਾਕਿੰਗ ਨਾਲ ਜੁੜੀਆਂ ਕਈ ਵਸਤਾਂ, ਜਿਨ੍ਹਾਂ ਵਿੱਚ ਸਪੇਸ ਨਾਲ ਜੁੜੇ ਕੁਝ ਥੀਸਿਸ, ਉਨ੍ਹਾਂ ਦੇ ਪੁਰਸਕਾਰ, ਵ੍ਹੀਲ ਚੇਅਰ ਸਪੈਕਟ੍ਰਮ ਅਤੇ ਕੁਝ ਮਸ਼ਹੂਰ ਪੱਤਰ ਸ਼ਾਮਲ ਹਨ। ਨਿਲਾਮੀ ਸੰਸਥਾ ਕ੍ਰਿਸਟੀ ਦੇ ਕਿਤਾਬਾਂ ਦੇ ਖਰੜੇ ਵਿਭਾਗ ਦੇ ਮੁਖੀ ਥਾਮਸ ਵੇਨਿੰਗ ਨੇ ਕਿਹਾ ਕਿ ਇਹ ਸਾਰੇ ਕਾਗਜ਼ਾਤ ਸਟੀਫਨ ਹਾਕਿੰਗਜ਼ ਦੇ ਗਿਆਨ ਤੇ ਵਿਲੱਖਣ ਬੁੱਧੀ ਬਾਰੇ ਦੱਸਦੇ ਹਨ।



22 ਸਾਲ ਦੀ ਉਮਰ ਵਿੱਚ ਮੋਟਰ ਨਿਊਰਾਨ ਰੋਗ ਦੇ ਬਾਰੇ ਪਤਾ ਲੱਗਣ 'ਤੇ ਮੰਨਿਆ ਗਿਆ ਸੀ ਕਿ ਹਾਕਿੰਗਜ਼ ਸਿਰਫ ਕੁਝ ਸਾਲ ਜ਼ਿੰਦਾ ਰਹਿਣਗੇ, ਪਰ ਉਹ ਦਹਾਕਿਆਂ ਤੱਕ ਜ਼ਿੰਦਾ ਰਹੇ ਤੇ ਸਪੇਸ ਬਾਰੇ ਕਈ ਮਹੱਤਵ ਪੂਰਨ ਖੁਲਾਸੇ ਕੀਤੇ। ਮੋਟਰ ਨਿਊਰਾਨ ਬੀਮਾਰੀ ਤੋਂ ਬਾਅਦ ਉਨ੍ਹਾਂ ਨੇ ਇਕ ਆਵਾਜ਼ ਪੈਦਾ ਕਰਨ ਵਾਲੇ ਜੰਤਰ ਦੇ ਨਾਲ ਗੱਲਬਾਤ ਸ਼ੁਰੂ ਕੀਤੀ ਤੇ ਉੱਚ ਤਕਨੀਕ ਵਾਲੀ ਵ੍ਹੀਲ ਚੇਅਰ ਉੱਤੇ ਪੂਰੀ ਤਰ੍ਹਾਂ ਨਿਰਭਰ ਰਹੇ। ਇਸ ਵ੍ਹੀਲ ਚੇਅਰ ਲਈ 10,000 ਤੋਂ 15,000 ਪੌਂਡ ਕੀਮਤ ਦਾ ਅਨੁਮਾਨ ਲਾਇਆ ਗਿਆ ਹੈ।

# ਹਾਰਵਰਡ ਯੂਨੀਵਰਸਿਟੀ ਨੇ ਵਿਤਕਰੇ ਦੇ ਦੋਸ਼ਾਂ ਪਿੱਛੋਂ ਦਾਖਲਾ ਦੇਣ ਦੀ ਪ੍ਰਕਿਰਿਆ ਜਨਤਕ ਕੀਤੀ

ਬੋਸਟਨ, 22 ਅਕਤੂਬਰ (ਪੋਸਟ ਬਿਊਰੋ)- ਮੈਸਾਚੁਸੇਟਸ ਦੀ 86 ਬ੍ਰੈਟਲ ਸਟ੍ਰੀਟ ਦੇ ਅੰਦਰ ਹਾਰਵਰਡ ਯੂਨੀਵਰਸਿਟੀ ਦੀ ਕਮੇਟੀ ਜਿੱਥੇ ਐਡਮਿਸ਼ਨ ਉੱਤੇ ਵਿਚਾਰ ਕਰਨ ਲਈ ਬੰਦ ਕਮਰੇ ਵਿੱਚ ਮੀਟਿੰਗ ਕਰਦੀ ਰਹੀ ਹੈ, ਉਸ ਦੀ ਖੁਫੀਆ ਬੈਠਕ ਆਖਰ ਨੂੰ ਕੱਲ੍ਹ ਆਮ ਜਨਤਾ ਦੇ ਸਾਹਮਣੇ ਆ ਗਈ ਹੈ।



ਅਸਲ ਵਿੱਚ ਹਾਰਵਰਡ ਯੂਨੀਵਰਸਿਟੀ ਉਤੇ ਏਸ਼ੀਆਈ ਮੂਲ ਦੇ ਅਮਰੀਕੀ ਬਿਨੈਕਾਰਾਂ ਨਾਲ ਵਿਤਕਰੇ ਦੇ ਦੋਸ਼ਾਂ ਉੱਤੇ ਫੈਡਰਲ ਅਦਾਲਤ ਵਿੱਚ ਇਸ ਹਫਤੇ ਸੁਣਵਾਈ ਸ਼ੁਰੂ ਹੋਈ ਸੀ, ਜਿੱਥੇ ਬਿਨੈਕਾਰਾਂ ਨੂੰ ਅਮਰੀਕਾ ਦੀ ਸਭ ਤੋਂ ਟਾਪ ਦੀ ਯੂਨੀਵਰਸਿਟੀ ਦੀ ਖੁਫੀਆ ਚੋਣ ਪ੍ਰਕਿਰਿਆ ਨੂੰ ਦੇਖਣ ਦਾ ਮੌਕਾ ਮਿਲਿਆ। ਬੋਸਟਨ ਵਿੱਚ ਅਮਰੀਕੀ ਜ਼ਿਲਾ ਅਦਾਲਤ ਦੇ ਜੱਜ ਐਲੀਸਨ ਡੀ ਬੁਰਾ ਦੇ ਸਾਹਮਣੇ ਬੈਂਚ ਉੱਤੇ ਬੈਠੇ ਹੋਏ ਬਿਨੈਕਾਰਾਂ ਨੂੰ ਹਾਰਵਰਡ ਆਫਿਸ ਆਫ ਐਡਮਿਸ਼ਨ ਐਂਡ ਫਾਇਨੈਂਸ਼ੀਅਲ ਏਡ ਦੇ ਕਮਰੇ 'ਚ ਲਿਜਾਇਆ ਗਿਆ। ਲੰਬੇ ਸਮੇਂ ਤੋਂ ਦਾਖਲੇ ਦੇ ਡੀਨ ਰਹੇ ਵਿਲੀਅਮ ਤੋਂ ਪੁੱਛਿਆ ਗਿਆ ਕਿ ਕੀ ਪੇਂਡੂ ਵਿਦਿਆਰਥੀਆਂ ਨੂੰ ਸ਼ਹਿਰੀ ਵਿਦਿਆਰਥੀਆਂ ਨਾਲ ਦਾਖਲਾ ਮਿਲ ਸਕਦਾ ਹੈ। ਗ੍ਰੇਡ, ਟੈਸਟ ਸਕੋਰ, ਪਸੰਦ ਦਾ ਵਿਸ਼ਾ, ਪਰਸਨੈਲਿਟੀ ਰੇਟਿੰਗ ਦੇ ਕਈ ਮੁੱਖ ਕਾਰਨ ਹਨ, ਜੋ ਕਿਸੇ ਵੀ ਗੁੰਮਨਾਮ ਹਾਈ ਸਕੂਲ ਦੇ ਵਿਦਿਆਰਥੀ ਨੂੰ ਹਾਰਵਰਡ ਮੈਨ ਅਤੇ ਹਾਰਵਰਡ ਵੂਮੈਨ ਬਣਾ ਸਕਦੇ ਹਨ। ਅਸਲੀ ਵਿਦਿਆਰਥੀਆਂ ਦੀ ਫਾਈਲ ਨੂੰ ਸਬੂਤ ਦੇ ਰੂਪ ਵਿੱਚ ਪੇਸ਼ ਕੀਤਾ ਗਿਆ। ਸਾਲ 2022 ਦੇ ਦਾਖਲੇ ਲਈ ਕਰੀਬ 43,000 ਐਪਲੀਕੇਸ਼ਨਾਂ ਭਰੀਆਂ ਗਈਆਂ ਸਨ, ਜਿਨ੍ਹਾਂ ਵਿੱਚੋਂ ਸਿਰਫ 2024 ਨੂੰ ਹੀ ਫੋਨ ਕਾਲ ਅਤੇ ਚਿੱਠੀਆਂ ਮਿਲੀਆਂ ਸਨ। ਸੁਣਵਾਈ ਦੇ ਆਖਿਰ ਵਿੱਚ ਹਾਰਵਰਡ ਦੇ ਮੁੱਖ ਵਕੀਲ ਨੇ ਬਿਲ ਲੀ ਨੇ ਇਸ ਹਫਤੇ ਕਿਹਾ ਕਿ ਕੁਝ ਚੀਜ਼ਾਂ ਬਣਾਈ ਰੱਖਣਾ ਲਾਜ਼ਮੀ ਰਿਹਾ ਹੈ। ਲੀ ਨੇ ਕਿਹਾ ਕਿ ਕੁਝ ਦਾਖਲੇ ਦੀ ਪ੍ਰਕਿਰਿਆ ਦੇ ਬਾਰੇ ਬਹੁਤ ਕੁਝ ਜਾਣ ਰਹੇ ਹਨ ਜਿਹੜਾ ਕਿ ਕਦੇ ਜਨਤਕ ਨਹੀਂ ਹੁੰਦਾ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਜਾਣੋ। ਇਕ ਵਾਰ ਤੁਸੀਂ ਸਮਝ ਗਏ ਤਾਂ ਤੁਸੀਂ ਸਮਝ ਸਕਦੇ ਹੋ ਕਿ ਫੈਸਲੇ ਕਿਵੇਂ ਲਏ ਜਾਂਦੇ ਹਨ।

## ਮਾਲਦੀਵ ਦੀ ਸੁਪਰੀਮ ਕੋਰਟ ਵਿੱਚ ਵੀ ਯਾਮੀਨ ਦੀ ਹਾਰ

ਕੋਲੰਬੋ, 22 ਅਕਤੂਬਰ (ਪੋਸਟ ਬਿਊਰੋ)- ਮਾਲਦੀਵ ਦੇ ਹਾਰ ਚੁੱਕੇ ਰਾਸ਼ਟਰਪਤੀ ਅਬੁਦੱਲਾ ਯਾਮੀਨ ਨੂੰ ਰਾਸ਼ਟਰਪਤੀ ਚੋਣਾਂ ਦੇ ਬਾਅਦ ਕੱਲ੍ਹ ਸੁਪਰੀਮ ਕੋਰਟ ਵਿੱਚ ਵੀ ਹਾਰ ਦਾ ਸਾਹਮਣਾ ਕਰਨਾ ਪਿਆ। ਯਾਮੀਨ ਨੇ ਪਿਛਲੇ ਮਹੀਨੇ ਹੋਈਆਂ ਚੋਣਾਂ ਦੇ ਨਤੀਜੇ ਨੂੰ ਰੱਦ ਐਲਾਨ ਕਰਨ ਅਤੇ ਨਵੇਂ ਸਿਰੇ ਤੋਂ ਚੋਣ ਕਰਾਉਣ ਦੀ ਮੰਗ ਕੀਤੀ ਸੀ। ਕੋਰਟ ਨੇ ਯਾਮੀਨ ਦੀ ਹਾਰ ਨੂੰ ਸਹੀ ਦੱਸਦੇ ਹੋਏ ਚੋਣ ਨੂੰ ਜਾਇਜ਼ ਐਲਾਨ ਕਰ ਦਿੱਤਾ ਹੈ।

ਇਸ ਸੰਬੰਧ ਵਿੱਚ ਪੰਜ ਜੱਜਾਂ ਦੀ ਬੈਂਚ ਨੇ ਸਰਬ ਸੰਮਤੀ ਨਾਲ ਆਪਣਾ ਫੈਸਲਾ ਸੁਣਾਇਆ ਅਤੇ ਕਿਹਾ, ਯਾਮੀਨ ਸਾਬਤ ਕਰਨ ਵਿੱਚ ਅਸਫਲ ਰਹੇ ਹਨ ਕਿ 23 ਸਤੰਬਰ ਨੂੰ ਹੋਈਆਂ ਚੋਣਾਂ ਵਿੱਚ ਕੋਈ ਧਾਂਦਲੀ ਹੋਈ, ਜਿਸ ਵਿੱਚ ਭਾਵੀ ਰਾਸ਼ਟਰਪਤੀ ਇਬ੍ਰਾਹੀਮ ਮੁਹੰਮਦ ਸੋਲਿਹ ਨੇ ਜਿੱਤ ਹਾਸਲ ਕੀਤੀ ਹੈ। ਸੁਪਰੀਮ ਕੋਰਟ ਦਾ ਫੈਸਲਾ ਗਲਤ ਨਹੀਂ, ਕਿਉਂਕਿ ਬੁੱਧਵਾਰ ਨੂੰ ਯਾਮੀਨ ਨੇ ਜੋ ਭਾਸ਼ਣ ਦਿੱਤਾ, ਉਹ ਉਨ੍ਹਾਂ ਦਾ ਵਿਦਾਈ ਭਾਸ਼ਣ ਮੰਨਿਆ ਜਾ ਰਿਹਾ ਸੀ। ਕੋਰਟ ਦੀ ਸੁਣਵਾਈ ਦੇ ਦੌਰਾਨ ਵਿਰੋਧੀ ਧਿਰ ਦੇ ਕਈ ਸਮਰਥਕ ਬਾਹਰ ਖੜੇ ਸਨ ਅਤੇ ਨਤੀਜਾ ਆਉਂਦੇ ਹੀ ਉਨ੍ਹਾਂ ਨੇ ਜਸ਼ਨ ਮਨਾਉਣਾ ਸ਼ੁਰੂ ਕਰ ਦਿੱਤਾ। ਕੋਰਟ ਦੇ ਹੁਕਮ ਦੇ ਨਾਲ ਹੀ ਸੋਲਿਹ ਦੇ ਰਾਸ਼ਟਰਪਤੀ ਬਣਨ ਦੀ ਰੁਕਾਵਟ ਦੂਰ ਹੋ ਗਈ ਹੈ।

## ਅਮਰੀਕਾ ਵਿੱਚ ਸਖਤ ਨਿਯਮਾਂ ਕਾਰਨ ਆਬੋ-ਹਵਾ ਸੁਧਰਨ ਲੱਗੀ

ਵਾਸ਼ਿੰਗਟਨ, 22 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਵੱਲੋਂ ਹਵਾ ਦੇ ਪ੍ਰਦੂਸ਼ਣ ਕੰਟਰੋਲ ਕਰਨ ਲਈ ਲਾਗੂ ਕੀਤੇ ਗਏ ਸਖਤ ਨਿਯਮਾਂ ਦਾ ਅਸਰ ਨਜ਼ਰ ਆਉਣ ਲੱਗਾ ਹੈ। 1990 ਤੋਂ ਲੈ ਕੇ 2010 ਤੱਕ ਦੇ 20 ਸਾਲਾਂ ਦੌਰਾਨ ਹਵਾ ਦੇ ਪ੍ਰਦੂਸ਼ਣ ਕਾਰਨ ਹੋਈਆਂ ਮੌਤਾਂ ਦੀ ਗਿਣਤੀ ਵਿੱਚ ਹੁਣ ਕਮੀ ਹੋ ਰਹੀ ਹੈ।

ਹਵਾ ਦੇ ਪ੍ਰਦੂਸ਼ਣ ਕਾਰਨ ਹਰ ਸਾਲ ਹੋਣ ਵਾਲੀਆਂ ਮੌਤਾਂ ਦਾ ਅੰਕੜਾ ਉਕਤ 20 ਸਾਲਾਂ ਦੌਰਾਨ 71 ਹਜ਼ਾਰ ਪ੍ਰਤੀ ਸਾਲ ਰਿਹਾ ਸੀ। ਯੂਨੀਵਰਸਿਟੀ ਆਫ ਨਾਰਥ ਕੈਰੋਲੀਨਾ ਨੇ ਇਸ ਸੰਬੰਧੀ ਵਿਸਥਾਰਤ ਖੋਜ ਕੀਤੀ ਹੈ। ਇਸ ਖੋਜ ਨੂੰ ਨਾਸਾ ਅਤੇ ਈ ਪੀ ਨੇ ਵੀ ਮਾਨਤਾ ਦਿੱਤੀ ਹੈ। ਖੋਜ ਰਿਪੋਰਟ ਵਿੱਚ ਦਿਲ ਦੇ ਰੋਗਾਂ ਅਤੇ ਹਵਾ ਦੇ ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਮੌਤਾਂ ਦੇ 21 ਸਾਲ ਦੇ ਅੰਕੜਿਆਂ 'ਤੇ ਅਧਿਐਨ ਕੀਤਾ ਗਿਆ ਹੈ। ਅਧਿਐਨ ਪਿੱਛੋਂ ਯੂਨੀਵਰਸਿਟੀ ਇਸ ਸਿੱਟੇ 'ਤੇ ਪੁੱਜੀ ਕਿ ਅਮਰੀਕਾ ਵਿੱਚ ਹਵਾ ਦੇ ਪ੍ਰਦੂਸ਼ਣ ਨੂੰ ਕੰਟਰੋਲ ਵਿੱਚ ਕਰਨ ਲਈ ਲਾਗੂ ਹੋਏ ਸਖਤ ਕਾਨੂੰਨ ਕਾਰਨ ਲੋਕਾਂ ਦੀ ਸਿਹਤ 'ਤੇ ਇਸ ਦਾ ਉਸਾਰੂ ਅਸਰ ਹੋਇਆ ਹੈ।

ਅਧਿਐਨ ਵਿੱਚ ਇਹ ਗੱਲ ਸਾਹਮਣੇ ਆਈ ਕਿ ਅਮਰੀਕਾ ਦੇ ਕੇਂਦਰੀ ਕਾਨੂੰਨ ਦੇ ਨਾਲ 2002 ਵਿੱਚ ਰਾਜਾਂ ਵੱਲੋਂ ਨਾਈਟਰੋਜਨ ਦੇ ਲੀਕ ਹੋਣ ਬਾਰੇ ਲਾਗੂ ਕੀਤੇ ਗਏ ਕਾਨੂੰਨ ਦਾ ਵੀ ਚੰਗਾ ਪ੍ਰਭਾਵ ਦੇਖਣ ਨੂੰ ਮਿਲਿਆ ਹੈ। ਮੋਟਰ ਗੱਡੀਆਂ ਕਾਰਨ ਹੋ ਰਹੇ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਚੁੱਕੇ ਕਦਮਾਂ ਦੇ ਅਸਰ ਬਾਰੇ ਵੀ ਰਿਪੋਰਟ ਵਿੱਚ ਦੱਸਿਆ ਗਿਆ ਹੈ। ਹਵਾ ਪ੍ਰਦੂਸ਼ਣ ਰੋਕਣ ਲਈ ਚੁੱਕੇ ਇਨ੍ਹਾਂ ਕਦਮਾਂ ਦਾ ਅਸਰ ਨਾ ਸਿਰਫ ਮਨੁੱਖੀ ਸਿਹਤ 'ਤੇ ਨਜ਼ਰ ਆਇਆ, ਸਗੋਂ ਬਿਜਲੀ ਦੀ ਮੰਗ 'ਤੇ ਵੀ ਪਿਆ ਹੈ। ਅਧਿਐਨ ਕਰਨ ਵਾਲੀ ਟੀਮ ਦਾ ਮੰਨਣਾ ਹੈ ਕਿ 2010 ਤੋਂ ਬਾਅਦ ਅਮਰੀਕਾ ਵਿੱਚ ਹਵਾ ਦੇ ਪ੍ਰਦੂਸ਼ਣ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਿੱਚ ਹੋਰ ਗਿਰਾਵਟ ਦੇਖਣ ਨੂੰ ਮਿਲ ਸਕਦੀ ਹੈ ਕਿਉਂਕਿ 2011 ਵਿੱਚ ਅਮਰੀਕਾ ਵਿੱਚ ਕਰਾਸ ਸਟੇਟ ਪਾਲਿਊਸ਼ਨ ਨਿਯਮਾਂ ਨੂੰ ਲਾਗੂ ਕੀਤਾ ਗਿਆ ਹੈ। ਟੀਮ ਨੇ 2010 ਤੋਂ ਬਾਅਦ ਹਵਾ ਦੇ ਪ੍ਰਦੂਸ਼ਣ ਕਾਰਨ ਮੌਤਾਂ ਦੇ ਅਧਿਐਨ ਦੀ ਵੀ ਸਿਫਾਰਸ਼ ਕੀਤੀ ਹੈ। ਮੰਨਿਆ ਜਾਂਦਾ ਹੈ ਕਿ ਸਮੁੱਚੀ ਦੁਨੀਆ ਵਿੱਚ ਤੇਜ਼ੀ ਨਾਲ ਬਦਲਦੇ ਚੌਗਿਰਦੇ, ਆਵਾਜਾਈ ਦੇ ਸਾਧਨਾਂ ਤੇ ਬਦਲਦੀ ਤਕਨੀਕ ਦਾ ਅਸਰ ਹਵਾ ਦੇ ਪ੍ਰਦੂਸ਼ਣ 'ਤੇ ਦੇਖਣ ਨੂੰ ਮਿਲੇਗਾ, ਪਰ ਅਮਰੀਕਾ ਨੂੰ ਹਾਈਬ੍ਰਿਡ ਅਤੇ ਇਲੈਕਟ੍ਰਾਨਿਕ ਕਾਰਾਂ ਕਾਰਨ ਹਵਾ ਦੇ ਪ੍ਰਦੂਸ਼ਣ ਨੂੰ ਕੰਟਰੋਲ ਦਾ ਭਰੋਸਾ ਹੈ।

## ਅਮਰੀਕੀ ਰਾਜਦੂਤ ਨਿੱਕੀ ਨੇ ਰਾਸ਼ਟਰਪਤੀ ਟਰੰਪ ਦਾ ਮਜ਼ਾਕ ਉਡਾਇਆ

ਨਿਊਯਾਰਕ, 22 ਅਕਤੂਬਰ (ਪੋਸਟ ਬਿਊਰੋ)- ਯੂ ਐਨ ਵਿੱਚ ਅਮਰੀਕੀ ਰਾਜਦੂਤ ਨਿੱਕੀ ਹੈਲੀ ਨੇ ਆਪਣੇ ਅਹੁਦੇ ਨੂੰ ਸਾਲ ਦੇ ਅੰਤ ਵਿੱਚ ਛੱਡਣ ਦਾ ਐਲਾਨ ਕਰਨ ਦੇ ਕੁਝ ਦਿਨ ਬਾਅਦ ਅਚਾਨਕ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਈਗੋ ਅਤੇ ਸੱਭਿਆਚਾਰਕ ਗਿਆਨ ਤੋਂ ਸੱਖਣੇ ਹੋਣ ਦਾ ਮਜ਼ਾਕ ਉਡਾਇਆ।



ਭਾਰਤੀ ਮੂਲ ਦੀ ਨਿੱਕੀ ਹੈਲੀ ਨੇ 9 ਅਕਤੂਬਰ ਨੂੰ ਐਲਾਨ ਕੀਤਾ ਸੀ ਕਿ ਉਹ ਯੂ ਐਨ ਵਿੱਚ ਅਮਰੀਕੀ ਰਾਜਦੂਤ ਦੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦੇਵੇਗੀ। ਮੰਨਿਆ ਜਾ ਰਿਹਾ ਸੀ ਕਿ ਉਹ ਰਾਸ਼ਟਰਪਤੀ ਅਹੁਦੇ ਦੀ ਚੋਣ ਲੜਨ ਲਈ ਅਜਿਹਾ ਕਰ ਰਹੀ ਹੈ, ਪ੍ਰੰਤੂ ਉਹ ਆਪਣੇ ਐਲਾਨ ਦੇ ਬਾਅਦ ਇਸ ਤੋਂ ਇਨਕਾਰ ਕਰਦੀ ਰਹੀ ਹੈ। ਹੈਲੀ ਨੇ 'ਨਿਊਯਾਰਕ 2018 ਅਲਫ੍ਰੈਂਡ ਸਮਿਥ' ਡਿਨਰ ਮੌਕੇ ਪਿਛਲੇ ਮਹੀਨੇ ਯੂ ਐਨ ਜਨਰਲ ਅਸੈਂਬਲੀ ਵਿੱਚ ਟਰੰਪ ਦੇ ਹੱਸਣ ਦਾ ਮਜ਼ਾਕ ਉਡਾਇਆ। ਉਨ੍ਹਾਂ ਨੇ ਵਿਅੰਗ ਕੱਸਦੇ ਹੋਏ ਕਿਹਾ ਕਿ ਵਾਸ਼ਿੰਗਟਨ ਵਿੱਚ ਹਰ ਕਿਸੇ ਨੇ ਮੈਨੂੰ ਇਸ ਭਾਸ਼ਣ ਲਈ ਸੁਝਾਅ ਦਿੱਤਾ ਕਿ ਕਿਸੇ ਵੀ ਸਥਿਤੀ ਵਿੱਚ ਰਾਸ਼ਟਰਪਤੀ ਦੇ ਬਾਰੇ ਮਜ਼ਾਕ ਨਾ ਕਰਨਾ। ਇਸ ਲਈ ਸਾਰਿਆਂ ਨੂੰ ਰਾਤ ਦੀ ਨਮਸਤੇ। ਉਨ੍ਹਾਂ ਵੱਲੋਂ ਅਜਿਹਾ ਕਹਿੰਦੇ ਹੀ ਉਥੇ ਮੌਜੂਦ ਲੋਕ ਹੱਸ ਪਏ।

Honesty, Reliability, Commitment
HomeLife SilverCity
"Open House Until Sold"
Hira Randhawa
Broker
○ 1 yr Home Warranty ○ Appliances & Furniture
○ 40% Discount on Brand Name ○ Free Evaluation & Lowest Commission
www.hirarandhawa.com | hirarandhawa@yahoo.ca
For all your Real Estate needs: 416.319.0551 or 905.913.8585

$299,900 — Hwy 20 & Stanley St.
Front And Back Duplex Near Center St. And Clifton Hill. Brand New Roof 2016. Main House Has 2 Bdrms, Finished Attic Space And Full Unfinished Bsmnt With Sep. Ent. Covered Front Porch. Current Tenant Pays $750 Inclusive.

$619,000 — Wanless & Mclaughlin
Just One And Half Year New, 3 Bedroom Semi-Detached Home In Great Location With Double Door Entry. Modern Kitchen With SS Appliances, Family Room With W/O Balcony, Upgraded Bathroom Cabinets. Close To All Amenities

$639,000 — Hwy 10/ Sandalwood
A Detach Family Home Located In Desirable Neighbourhood Of Loafer Lake. This Home Offers 4 Generous Size Bedrooms,3 Washrooms, Finished Bsmnt With 2 More Bedroom, Hardwood Floors, Close To All Amenities.

$699,900 — Chinguacousy/Queen
Magnificent Beauty Has Plenty To Offer Located In A Very Demanding Area. Double Door Main Entry, Separate Living Room, Separate Family Room, Beautiful Kitchen And Bedroom With 9' Feet Ceiling, Master Br Has 5Pc...

Supervisa, Travel Insurance
Call: 416.319.0551

MICHELIN Hankook Continental ROADLUX BFGoodrich AEOLUS
BEST TRUCK REPAIR & TIRE CENTRE
ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਦੀ ਭਾਰੀ ਸੇਲ
We also Specialize in Engine, Transmission, Differential Rebuild, Safety Inspection & All Kinds of Electric Work
SPECIAL ON TRUCK ALIGNMENT BRAND NEW MACHINES 2018
Brake & Drum - On Special Sale!
-Made in U.S
4 CAT Batteries $500 on Special Sale
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Chevron Delo
Special OIL CHANGE Rates
